## ਅਧਿਆਇ 22

# ਅਬਰਾਹਾਮ ਦੀ ਨਿਹਚਾ ਦੀ ਪਰਖ

ਅਧਿਆਇ 22 ਵਿਚ ਦਰਜ ਕੀਤੀ ਮੁਖ ਘਟਨਾ ਪੁਰਾਣੇ ਨੇਮ ਵਿਚ ਸਭ ਤੋਂ ਵੱਧ ਮਸ਼ਹੂਰ ਘਟਨਾ ਹੈ। ਪਰ, ਪਾਠਕਾਂ ਲਈ ਇਸ ਨੂੰ ਸਮਝਣਾ ਸਭ ਤੋਂ ਮੁਸ਼ਕਲ ਹੈ। ਆਖਿਰਕਾਰ ਅਬਰਾਹਾਮ ਨੇ ਉਸ ਵਾਇਦਾ ਕੀਤੇ ਹੋਏ ਬੱਚੇ, ਇਸਹਾਕ ਨੂੰ ਪ੍ਰਾਪਤ ਕੀਤਾ ਜਿਸ ਦਾ ਉਸ ਨੇ ਲੰਮੇ ਸਮੇਂ ਤੱਕ ਇੰਤਜ਼ਾਰ ਕੀਤਾ ਸੀ। ਫਿਰ, ਵਿਸ਼ਵਾਸ ਦੀ ਪਰੀਖਿਆ ਵਿਚ, ਉਸ ਨੂੰ ਕਿਹਾ ਗਿਆ ਕਿ ਉਹ ਉਸ ਨੂੰ ਵਾਪਸ ਦੇ ਦੇਵੇ। ਅਬਰਾਹਾਮ ਨੇ ਉਸ ਪਰੀਖਿਆ ਨੂੰ ਪਾਸ ਕਰ ਲਿਆ, ਅਤੇ ਉਸ ਨੇ ਉਸ ਨੂੰ ਉਸ ਬੱਚੇ ਦੀ ਜਾਨ ਲੈਣ ਤੋਂ ਬਚਾ ਲਿਆ (22:1-14)। ਇਸ ਅਧਿਆਇ ਦੇ ਅੰਤ ਵਿਚ ਵਾਇਦਾ ਕੀਤਾ ਗਿਆ ਹੈ ਕਿ ਅਬਰਾਹਾਮ ਨੂੰ ਅਣਗਿਣਤ ਸੰਤਾਨ ਦੀ ਅਸੀਸ ਪ੍ਰਾਪਤ ਹੋਵੇਗੀ (22:15-19) ਅਤੇ ਉਸ ਦੇ ਭਰਾ ਨਾਹੋਰ ਦੇ ਵਿਸ਼ੇ ਵਿਚ ਇੱਕ ਨਿਸ਼ਾਨ ਦਿੱਤਾ ਗਿਆ (22:20-24)।

## ਅਬਰਾਹਾਮ ਦੀ ਵਫ਼ਾਦਾਰੀ (22:1-14)

### ਇਸਹਾਕ ਨੂੰ ਬਲੀਦਾਨ ਕਰਨ ਲਈ ਬੁਲਾਹਟ (22:1-8)

**1ਇਨ੍ਹਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਪਰਤਾਇਆ ਅਤੇ
ਉਸ ਨੂੰ ਆਖਿਆ, ਹੇ ਅਬਰਾਹਾਮ! ਅੱਗੋਂ ਉਸ ਨੇ ਆਖਿਆ, ਮੈਂ ਹਾਜ਼ਰ ਹਾਂ। 2ਤਾਂ ਉਸ ਨੇ
ਆਖਿਆ, ਹੁਣ ਤੂੰ ਆਪਣੇ ਪੁੱਤ੍ਰ ਨੂੰ, ਹਾਂ, ਆਪਣੇ ਇਕਲੌਤੇ ਨੂੰ ਜਿਸ ਨੂੰ ਤੂੰ ਪਿਆਰ ਕਰਦਾ ਹੈਂ
ਅਰਥਾਤ ਇਸਹਾਕ ਨੂੰ ਲੈਕੇ ਮੋਰੀਆਹ ਦੀ ਧਰਤੀ ਨੂੰ ਜਾਹ ਅਤੇ ਪਹਾੜਾਂ ਵਿੱਚੋਂ ਇੱਕ ਉੱਤੇ
ਜਿਹੜਾ ਮੈਂ ਤੈਨੂੰ ਦੱਸਾਂਗਾ ਉਸ ਨੂੰ ਹੋਮ ਦੀ ਬਲੀ ਕਰਕੇ ਚੜ੍ਹਾ। 3ਤਦ ਅਬਰਾਹਾਮ ਨੇ ਤੜਕੇ
ਉੱਠਕੇ ਆਪਣੇ ਗਧੇ ਉੱਤੇ ਪਲਾਣਾ ਕੱਸਿਆ ਅਰ ਆਪਣੇ ਦੋ ਜੁਆਣ ਅਰ ਆਪਣੇ ਪੁੱਤ੍ਰ ਇਸਹਾਕ
ਨੂੰ ਨਾਲ ਲਿਆ ਅਰ ਹੋਮ ਦੀ ਬਲੀ ਲਈ ਲੱਕੜੀਆਂ ਚੀਰੀਆਂ ਅਰ ਉੱਠਕੇ ਉਸ ਥਾਂ ਨੂੰ ਤੁਰ
ਪਿਆ ਜਿਹੜੀ ਪਰਮੇਸ਼ੁਰ ਨੇ ਉਸ ਨੂੰ ਦੱਸੀ ਸੀ। 4ਤਾਂ ਤੀਜੇ ਦਿਨ ਅਬਰਾਹਾਮ ਨੇ ਆਪਣੀਆਂ
ਅੱਖਾਂ ਚੁੱਕਕੇ ਉਸ ਥਾਂ ਨੂੰ ਦੂਰੋਂ ਡਿੱਠਾ। 5ਤਾਂ ਅਬਰਾਹਾਮ ਨੇ ਆਪਣੇ ਜੁਆਣਾਂ ਨੂੰ ਆਖਿਆ, ਤੁਸੀਂ
ਏਥੇ ਗਧੇ ਦੇ ਕੋਲ ਬੈਠੇ ਰਹੋ। ਮੈਂ ਅਰ ਇਹ ਮੁੰਡਾ ਥੋੜੀ ਦੂਰ ਅੱਗੇ ਜਾਵਾਂਗੇ ਅਤੇ ਮੱਥਾ ਟੇਕਕੇ
ਤੁਹਾਡੇ ਕੋਲ ਮੁੜ ਆਵਾਂਗੇ। 6ਅਬਰਾਹਾਮ ਨੇ ਹੋਮ ਦੀ ਬਲੀ ਦੀਆਂ ਲੱਕੜੀਆਂ ਲੈਕੇ ਆਪਣੇ ਪੁੱਤ੍ਰ
ਇਸਹਾਕ ਨੂੰ ਚੁਕਾ ਦਿੱਤੀਆਂ ਅਤੇ ਆਪਣੇ ਹੱਥ ਵਿੱਚ ਅਗਨੀ ਅਰ ਛੁਰੀ ਫੜ ਲਈ ਅਰ ਦੋਵੇਂ
ਇਕੱਠੇ ਤੁਰੇ ਗਏ। 7ਤਾਂ ਇਸਹਾਕ ਨੇ ਆਪਣੇ ਪਿਤਾ ਅਬਰਾਹਾਮ ਨੂੰ ਆਖਿਆ, ਪਿਤਾ ਜੀ, ਉਸ
ਆਖਿਆ, ਪੁੱਤ੍ਰ ਕੀ ਗੱਲ ਹੈ? ਉਸ ਆਖਿਆ, ਵੇਖ ਅਗਨੀ ਅਰ ਲੱਕੜੀਆਂ ਤਾਂ ਹਨ ਪਰ ਹੋਮ
ਬਲੀ ਲਈ ਲੇਲਾ ਕਿੱਥੇ ਹੈ? 8ਅਬਰਾਹਾਮ ਨੇ ਆਖਿਆ, ਹੇ ਮੇਰੇ ਪੁੱਤ੍ਰ ਪਰਮੇਸ਼ੁਰ ਹੋਮ ਬਲੀ ਲਈ
ਲੇਲਾ ਆਪ ਹੀ ਦੇਊਗਾ ਤਾਂ ਓਹ ਦੋਵੇਂ ਇਕੱਠੇ ਤੁਰੇ ਗਏ।**

ਇਹ ਵਿਚਾਰ ਕਿ ਪਰਮੇਸ਼ੁਰ ਅਬਰਾਹਾਮ ਨੂੰ ਇੱਕ ਮਨੁੱਖੀ ਬਲੀ ਦੇਣ ਦਾ ਹੁਕਮ ਦੇਵੇਗਾ ਇੱਕ ਸਮਕਾਲੀਨ ਪਾਠਕ ਦੇ ਲਈ ਘ੍ਰਿਣਾਯੋਗ ਹੈ। ਇਸ ਵਿਸ਼ਵਾਸੀ ਆਦਮੀ ਨੂੰ ਜਿਸ ਨੇ ਇਸ ਜਾਇਜ਼ ਵਾਰਿਸ ਨੂੰ ਪ੍ਰਾਪਤ ਕਰਨ ਦੇ ਲਈ ਇੰਨਾ ਲੰਬਾ ਸਮਾਂ ਇੰਤਜ਼ਾਰ ਕੀਤਾ ਸੀ ਬਹੁਤ ਹੀ ਬੇਰਹਿਮੀ ਭਰਿਆ ਜਾਪਦਾ ਹੈ। ਕਿਵੇਂ ਇੱਕ ਭਲਾ ਪਰਮੇਸ਼ੁਰ, ਜਿਸ ਨੇ ਦੋ ਬਜ਼ੁਰਗ ਲੋਕਾਂ ਦੇ ਜੀਵਨ ਵਿਚ ਦਖ਼ਲ ਦਿੱਤਾ ਅਤੇ ਉਨ੍ਹਾਂ ਨੂੰ ਗਰਭ ਧਾਰਣ ਕਰਨ ਅਤੇ ਇਸਹਾਕ ਦੇ ਜਨਮ ਦੇ ਦੁਆਰਾ ਆਸ ਦੁਆਈ ਸੀ, ਉਹ ਪੁਰਖੇ ਨੂੰ ਵਾਇਦੇ ਦੇ ਬੱਚੇ ਨੂੰ ਮਾਰਨ ਦੇ ਲਈ ਕਹਿ ਸਕਦਾ ਹੈ?

ਇਸ ਦੇ ਨਾਲ ਨਾਲ, ਅਬਰਾਹਾਮ ਕਿਵੇਂ ਬਿਨਾਂ ਝਿਜਕੇ ਜਾਂ ਪ੍ਰਸ਼ਨ ਕੀਤੇ ਤੁਰੰਤ ਆਪਣੇ ਪੁੱਤਰ ਦੀ ਕੁਰਬਾਨੀ ਦੇਣ ਦੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰ ਸਕਦਾ ਸੀ? ਜਦਕਿ ਉਹ ਇਸਹਾਕ ਦੇ ਨਾਲ ਬਹੁਤ ਜ਼ਿਆਦਾ ਪਿਆਰ ਕਰਦਾ ਸੀ ਤਾਂ ਉਸ ਨੇ ਉਸ ਦੇ ਜੀਵਨ ਦੇ ਲਈ ਪ੍ਰਾਰਥਨਾ ਕਿਉਂ ਨਹੀਂ ਕੀਤੀ, ਜਿਵੇਂ ਉਸ ਨੇ ਸਦੂਮ ਅਤੇ ਅਮੋਰਾਹ ਦੇ ਲਈ ਕੀਤੀ ਸੀ? ਇਹ ਮੁਸ਼ਕਲ ਪ੍ਰਸ਼ਨ ਹਨ, ਅਤੇ ਲਿਖਤ ਇਨ੍ਹਾਂ ਦੇ ਉੱਤਰ ਨਹੀਂ ਦਿੰਦੀ ਹੈ। ਪਰ, ਬਿਰਤਾਂਤ ਇੱਕ ਹੱਲ ਵੱਲ ਸੰਕੇਤ ਕਰਦਾ ਹੈ, ਅਤੇ ਉਹ ਹਵਾਲੇ ਜੋ ਪਰਮੇਸ਼ੁਰ ਦਾ ਵਰਣਨ ਇੱਕ ਪਰਖ ਕਰਨ ਵਾਲੇ ਦੇ ਰੂਪ ਵਿਚ ਕਰਦੇ ਹਨ ਜਾਂ ਇਸਰਾਈਲ ਕੌਮ ਕੁਝ ਧਾਰਣਾਵਾਂ ਨੂੰ ਸਪੱਸ਼ਟ ਕਰਨ ਦੇ ਵਿਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਨਵਾਂ ਨੇਮ ਪਰਮੇਸ਼ੁਰ ਅਤੇ ਅਬਰਾਹਾਮ ਦੋਵਾਂ ਦੇ ਵਿਸ਼ੇ ਵਿਚ ਗਲਤ ਵਿਚਾਰਾਂ ਨੂੰ ਸੁਲਝਾਉਣ ਵਿਚ ਕੁਝ ਮਦਦ ਕਰਦਾ ਹੈ।

**ਆਇਤ 1.** ਅਧਿਆਇ ਦੀ ਸ਼ੁਰੂਆਤ ਵਿਚ ਹੇਠਾਂ ਲਿਖੀ ਜਾਣਕਾਰੀ ਸ਼ਾਮਲ ਹੈ: **ਇਨ੍ਹਾਂ ਗੱਲਾਂ ਦੇ ਪਿੱਛੋਂ ਇਉਂ ਹੋਇਆ।** ਇਹ ਪਿਛਲੇ ਅਧਿਆਇ ਵਿਚ ਹੋਈਆਂ ਘਟਨਾਵਾਂ ਤੋਂ ਕਿੰਨਾ ਸਮਾਂ ਬਾਅਦ ਵਿਚ ਹੋਇਆ ਸੀ, ਇਹ ਸਾਨੂੰ ਨਹੀਂ ਦੱਸਿਆ ਗਿਆ ਹੈ; ਪਰ ਇਸਹਾਕ ਦੇ ਜਨਮ ਅਤੇ ਅਬੀਮਲਕ ਦੇ ਨਾਲ ਮੁਲਾਕਾਤ ਤੋਂ ਬਾਅਦ ਕਾਫੀ ਸਮਾਂ ਬੀਤ ਚੁੱਕਾ ਸੀ। ਇਸ ਸਮੇਂ ਤੱਕ ਇਸਹਾਕ ਘੱਟੋ ਘੱਟ ਇੱਕ ਕਿਸ਼ੋਰ ਹੋ ਗਿਆ ਸੀ; ਅਤੇ ਭਾਵੇਂ ਪਰਮੇਸ਼ੁਰ ਨੇ ਕੁਝ ਸਮੇਂ ਦੇ ਲਈ **ਅਬਰਾਹਾਮ** ਦੇ ਨਾਲ ਗੱਲ ਨਹੀਂ ਕੀਤੀ ਸੀ, ਪਰ ਫਿਰ ਵੀ ਉਸ ਨੇ ਪਰਮੇਸ਼ੁਰ ਨੂੰ ਤੁਰੰਤ ਉੱਤਰ ਦਿੱਤਾ: **ਮੈਂ ਹਾਜ਼ਰ ਹਾਂ।**

ਇਹ ਵਰਣਨ ਫਿਰ ਹੁਕਮ ਦਾ ਉਦੇਸ਼ ਦੱਸਦਾ ਹੈ: **ਪਰਮੇਸ਼ੁਰ ਨੇ ਅਬਰਾਹਾਮ ਨੂੰ ਪਰਤਾਇਆ।** ਕੁਝ ਲੋਕਾਂ ਦੇ ਲਈ ਇਹ ਬਿਆਨ ਉਲਝਣ ਭਰਿਆ ਹੈ ਕਿਉਂਕਿ KJV ਅਨੁਵਾਦ, ਇਸ ਆਇਤ ਵਿਚ ਅਤੇ ਹੋਰ ਦੂਸਰੀ ਜਗਾ ਤੇ ਇਸ ਇਬਰਾਨੀ ਸ਼ਬਦ נָסָה (*ਨਾਸਾਹ*) ਦਾ ਇਸ ਦਾ ਅਨੁਵਾਦ "ਪਰਤਾਵੇ" ਕਰਦਾ ਹੈ। ਪਹਿਲੇ ਨੰਬਰ ਤੇ ਇਹ ਅਨੁਵਾਦ ਇਹ ਭਾਵ ਦਿੰਦਾ ਹੈ ਕਿ ਪਰਮੇਸ਼ੁਰ ਅਬਰਾਹਾਮ ਨੂੰ ਪਾਪ ਕਰਨ ਦੇ ਲਈ ਉਕਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਦਕਿ ਪਵਿੱਤਰ ਬਾਈਬਲ ਸਪੱਸ਼ਟ ਤੌਰ ਤੇ ਕਹਿੰਦੀ ਹੈ ਕਿ ਪਰਮੇਸ਼ੁਰ ਬਦੀਆਂ ਤੋਂ ਪਰਤਾਇਆ ਨਹੀਂ ਜਾਂਦਾ ਹੈ (ਯਾਕੂਬ 1:13)। ਉਹੀ ਇਬਰਾਨੀ ਸ਼ਬਦ ਜੋ ਪਰਮੇਸ਼ੁਰ ਦੁਆਰਾ ਅਬਰਾਹਾਮ ਦੀ ਪਰਖ ਕੀਤੇ ਜਾਣ ਨੂੰ ਦਰਸਾਉਂਦਾ ਹੈ ਉਹ ਅਕਸਰ ਪਰਮੇਸ਼ੁਰ ਦੁਆਰਾ ਆਪਣੇ ਲੋਕਾਂ ਦੇ ਪਰਖੇ ਜਾਣ ਅਤੇ ਸਾਬਤ ਕੀਤੇ ਜਾਣ ਦੇ ਸੰਬੰਧ ਵਿਚ ਵਰਤਿਆ ਜਾਂਦਾ ਹੈ (ਵੇਖੋ ਕੂਚ 15:25; 16:4; 20:20; ਬਿਵਸਥਾ ਸਾਰ 8:16; 13:3; ਨਿਆਈਆਂ 2:22; 3:1, 4)।

ਅਜਿਹੇ ਪਰਤਾਵੇ ਦਾ ਇੱਕ ਸੰਭਵ ਕਾਰਣ ਰਾਜਾ ਹਿਜ਼ਕੀਯਾਹ ਦੇ ਬਿਰਤਾਂਤ ਵਿਚ ਦਿੱਤਾ ਗਿਆ ਹੈ: ਪ੍ਰਭੂ ਨੇ "ਉਹ ਨੂੰ ਪਰਤਾਉਣ ਦੇ ਲਈ ਇਕੱਲਾ ਛੱਡ ਦਿੱਤਾ ਤਾਂ ਜੋ ਪਤਾ ਕਰੇ ਕਿ ਉਹ ਦੇ ਮਨ ਵਿਚ ਕੀ ਹੈ" (2 ਇਤਹਾਸ 32:31; ਵੇਖੋ ਬਿਵਸਥਾ ਸਾਰ 8:2; ਜ਼ਬੂਰ 26:2)। ਪਰਤਾਉਣ ਦੇ ਦੁਆਰਾ, ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਸੱਚੇ ਇਰਾਦਿਆਂ ਅਤੇ ਪ੍ਰੇਰਣਾਵਾਂ ਨੂੰ

ਉਜਾਗਰ ਕੀਤਾ। ਉਸ ਪ੍ਰਕਿਰਿਆ ਦੇ ਦੁਆਰਾ[1], ਉਸ ਉਨ੍ਹਾਂ ਦੇ ਅੰਦਰ ਵਿਲੱਖਣ ਚਰਿੱਤਰ ਗੁਣਾਂ ਅਤੇ ਗੁਣਾਂ ਨੂੰ ਵਿਕਸਤ ਕਰਨ ਦੀ, ਖਾਸ ਤੌਰ ਤੇ ਇੱਕ ਡੂੰਘੇ ਵਿਸ਼ਵਾਸ ਪੈਦਾ ਕਰਨ ਦੀ ਉਮੀਦ ਰੱਖਦਾ ਸੀ। ਅਬਰਾਹਾਮ ਦੇ ਮਾਮਲੇ ਵਿਚ, ਪ੍ਰਭੂ ਇਹ ਵੇਖਣਾ ਚਾਹੁੰਦਾ ਸੀ ਕਿ ਇਨ੍ਹਾਂ ਸਾਰੇ ਸਾਲਾਂ ਤੋਂ ਬਾਅਦ, ਪੁਰਖੇ ਦਾ ਵਿਸ਼ਵਾਸ ਅਤੇ ਚਰਿੱਤਰ ਅੰਤਿਮ ਪਰਤਾਵੇ ਵਿਚ ਕਾਇਮ ਰਹੇਗਾ ਕਿ ਨਹੀਂ। ਕੀ ਉਹ ਆਪਣੇ ਮਨੁੱਖੀ ਕਾਰਣ, ਇਸਹਾਕ ਦੇ ਲਈ ਆਪਣੇ ਗਹਿਰੇ ਪ੍ਰੇਮ, ਅਤੇ ਆਪਣੇ ਪੁੱਤਰ ਦੇ ਭਵਿੱਖ ਲਈ ਆਪਣੇ ਸੁਪਨਿਆਂ ਨੂੰ ਇੱਕ ਪਾਸੇ ਰੱਖ ਕੇ ਉਹ ਪਰਮੇਸ਼ੁਰ ਦੀ ਇੱਛਾ ਨੂੰ ਆਪਣੇ ਸਭ ਕਾਸੇ ਤੋਂ ਉੱਪਰ ਰੱਖੇਗਾ ਕਿ ਨਹੀਂ? ਕੀ ਉਹ ਪਰਮੇਸ਼ੁਰ ਦੇ ਉੱਤੇ ਇਨ੍ਹਾਂ ਵਿਸ਼ਵਾਸ ਕਰਦਾ ਸੀ ਕਿ ਇਸਹਾਕ ਨੂੰ ਇੱਕ ਮਨੁੱਖੀ ਬਲੀਦਾਨ ਦੇ ਰੂਪ ਵਿਚ ਬਲੀਦਾਨ ਕਰੇ (ਇਬਰਾਨੀਆਂ 11:17-19)?

**ਆਇਤ 2.** ਅਬਰਾਹਾਮ ਨੂੰ ਦਿੱਤਾ ਗਿਆ ਰੱਬੀ ਹੁਕਮ ਤਰਕਸੰਗਤ ਸਮਝ ਨੂੰ ਚੇਤਾਵਨੀ ਦਿੰਦਾ ਹੈ। ਇਸ ਨੇ ਇਸਹਾਕ ਦੇ ਤਿੰਨਾਂ ਹਵਾਲਿਆਂ ਦੇ ਨਾਲ ਇੱਕ ਜ਼ਰੂਰੀ ਸ਼ੁਰੂਆਤ ਕੀਤੀ, ਕਿਉਂਕਿ ਉਹ ਸਧਾਰਣ ਤੋਂ ਵਿਸ਼ੇਸ਼ ਵਿਚ ਬਦਲ ਗਿਆ: **ਹੁਣ ਤੂੰ ਆਪਣੇ ਪੁੱਤ੍ਰ ਨੂੰ, ਹਾਂ, ਆਪਣੇ ਇਕਲੌਤੇ ਨੂੰ ਜਿਸ ਨੂੰ ਤੂੰ ਪਿਆਰ ਕਰਦਾ ਹੈਂ ਅਰਥਾਤ ਇਸਹਾਕ ਨੂੰ।**

ਇਬਰਾਨੀ ਸ਼ਬਦ יָחִיד (*ਯਾਚਿਡ*, "ਸਿਰਫ") ਦਾ ਸ਼ਾਬਦਿਕ ਅਰਥ "ਇੱਕੋ ਇੱਕ, ਇਕੱਲਾ" ਕੁਝ ਅਰਥਾਂ ਵਿਚ "ਵਿਲੱਖਣ ਅਤੇ ਅਮੁੱਲ।"[2] *ਯਾਚਿਡ* ਯੂਨਾਨੀ ਦੇ ਸ਼ਬਦ μονογενής (*ਮੋਨੋਜੀਨਜ਼*) ਦੇ ਸਮਾਨ ਹੈ, ਜੋ ਇਬਰਾਨੀਆਂ 11:17 ਵਿਚ ਇਸਹਾਕ ਦਾ ਹਵਾਲਾ ਦੇਣ ਦੇ ਲਈ ਇਸਤੇਮਾਲ ਕੀਤਾ ਗਿਆ ਹੈ। ਲਿਖਤ ਵਿਚ, NASB ਇਸ ਸ਼ਬਦ ਦਾ ਅਨੁਵਾਦ "ਇਕਲੌਤੇ ਪੁੱਤਰ" ਦੇ ਰੂਪ ਵਿਚ ਕਰਦੀ ਹੈ। ਪਰ, ਇਹ ਅਨੁਵਾਦ ਗਲਤ ਹੈ, ਉਸ ਅਨੁਵਾਦ ਨੂੰ ਕਾਇਮ ਰੱਖਦੇ ਹੋਏ ਜੋ ਜੇਰੋਮ ਦੇ ਨਾਲ ਲਾਤੀਨੀ ਵਲਗੇਟ (ਈਸਵੀ 395) ਵਿਚ ਅਤੇ ਬਾਅਦ ਵਿਚ ਇਸ ਨੂੰ KJV (ਈਸਵੀ 1611) ਦੇ ਅਨੁਵਾਦਕਾਂ ਨੇ ਅਪਨਾ ਲਿਆ ਸੀ। ਇਸਹਾਕ ਦਾ "ਇਕਲੌਤਾ ਪੁੱਤਰ" ਹੋਣ ਦਾ ਇੱਕ ਸ਼ਾਬਦਿਕ ਹਵਾਲਾ ਗਲਤ ਹੈ, ਕਿਉਂਕਿ ਅਬਰਾਹਾਮ ਦੇ ਦੋ ਪੁੱਤਰ ਸਨ: ਇਸਮਾਏਲ ਅਤੇ ਇਸਹਾਕ। ਇਸ ਦੀ ਬਜਾਇ, ਇਸਹਾਕ ਦਾ "ਇੱਕੋ ਇੱਕ, ਵਿਲੱਖਣ ਪੁੱਤਰ"[3] ਸੀ ਜਿਸ ਦਾ ਜਨਮ ਮਾਪਿਆਂ ਦੇ ਨਾਲ ਕੀਤੇ ਗਏ ਵਾਇਦੇ ਦੇ ਅਨੁਸਾਰ ਉਨ੍ਹਾਂ ਦੀ ਪ੍ਰਜਨਨ ਦੀ ਹਾਲਤ ਦੇ ਲੰਘ ਜਾਣ ਤੋਂ ਕਈ ਸਾਲ ਬਾਅਦ ਵਿਚ ਜਨਮ ਹੋਇਆ ਸੀ। ਉਸ ਦਾ ਜਨਮ ਇੱਕ ਚਮਤਕਾਰੀ ਜਨਮ ਸੀ।

ਪਰਮੇਸ਼ੁਰ ਨੇ ਰੱਬੀ ਹੁਕਮ ਦਿੰਦੇ ਹੋਏ, ਅਬਰਾਹਾਮ ਨੂੰ ਚੇਤਾਵਨੀ ਦਿੱਤੀ, **ਮੋਰੀਆਹ ਦੀ ਧਰਤੀ ਨੂੰ ਜਾਹ ਅਤੇ ਪਹਾੜਾਂ ਵਿੱਚੋਂ ਇੱਕ ਉੱਤੇ ਜਿਹੜਾ ਮੈਂ ਤੈਨੂੰ ਦੱਸਾਂਗਾ ਉਸ ਨੂੰ** [ਇਸਹਾਕ ਨੂੰ] **ਹੋਮ ਦੀ ਬਲੀ ਕਰਕੇ ਚੜ੍ਹਾ।** ਸਟੀਕ ਵਾਕ "ਮੋਰੀਆਹ ਦੀ ਧਰਤੀ" ਪਵਿੱਤਰ ਬਾਈਬਲ ਵਿਚ ਹੋਰ ਕਿਤੇ ਵੀ ਪਾਇਆ ਨਹੀਂ ਜਾਂਦਾ ਹੈ। ਪੁਰਾਣੇ ਨੇਮ ਵਿਚ ਮੋਰੀਆਹ ਦਾ ਦੂਸਰਾ ਉਲੇਖ ਸਿਰਫ 2 ਇਤਹਾਸ 3:1 ਵਿਚ ਹੈ, ਜਿਸ ਵਿਚ ਕਿਹਾ ਗਿਆ ਹੈ ਕਿ "ਤਦ ਸੁਲੇਮਾਨ ਯਰੂਸ਼ਲਮ ਵਿੱਚ ਮੋਰੀਯਾਹ ਪਹਾੜ ਉੱਤੇ ਉਸੇ ਥਾਂ ਯਹੋਵਾਹ ਦਾ ਭਵਨ ਬਣਾਉਣ ਲੱਗਾ ਜਿੱਥੇ ਉਹ ਦੇ ਪਿਤਾ ਦਾਊਦ ਨੂੰ ਉਸ ਦਾ ਦਰਸ਼ਣ ਹੋਇਆ ਸੀ।" ਸਪੱਸ਼ਟ ਤੌਰ ਤੇ, ਬਾਅਦ ਵਿਚ, "ਮੋਰੀਆਹ" ਨਾਂ, ਜ਼ਮੀਨ ਦੇ ਇੱਕ ਆਮ ਖੇਤਰ ਦੀ ਤੁਲਨਾ ਵਿਚ – ਇੱਕ ਖਾਸ ਪਹਾੜ ਤੇ ਲਾਗੂ ਕੀਤਾ ਗਿਆ ਸੀ – "ਯਹੋਵਾਹ ਦਾ ਪਰਬਤ" (22:14)। ਇਸਰਾਈਲੀਆਂ ਨੇ ਯਰੂਸ਼ਲਮ ਵਿਚ ਇੱਕ ਖਾਸ ਸਥਾਨ ਨੂੰ "ਮੋਰੀਆਹ ਪਹਾੜ" ਦਾ ਨਾਂ ਦਿੱਤਾ ਜਿੱਥੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਸਹਾਕ ਦਾ ਬਲੀਦਾਨ ਹੋਇਆ ਸੀ। ਇਸ ਸਥਾਨ ਤੇ, ਦਾਊਦ ਨੇ ਪਰਮੇਸ਼ੁਰ ਨੂੰ ਬਲੀਦਾਨ ਚੜ੍ਹਾਏ (2 ਸਮੂਏਲ 24:16-25; 1 ਇਤਹਾਸ 21:16-26), ਅਤੇ ਸੁਲੇਮਾਨ ਨੇ ਹੈਕਲ ਦਾ ਨਿਰਮਾਣ ਕੀਤਾ ਸੀ।[4]

ਅਬਰਾਹਾਮ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਹੁਕਮ ਦੀ ਮੁਸ਼ਕਲ ਇਹ ਸੀ ਕਿ ਉਹ ਜ਼ਰੂਰ ਇਸਹਾਕ ਨੂੰ "ਹੋਮ ਦੀ ਬਲੀ" (עֹלָה, *ਓਲਾ*) ਕਰਕੇ ਚੜ੍ਹਾਵੇ। ਬਾਅਦ ਵਿਚ ਇਸਰਾਈਲ ਦੀ ਸ਼ਰਾ ਵਿਚ ( *ਓਲਾ*) ਨੂੰ ਇਕਮਾਤਰ ਬਲੀਦਾਨ ਦੇ ਰੂਪ ਵਿਚ ਨਾਮਿਤ ਕੀਤਾ ਗਿਆ ਜੋ ਜਗਵੇਦੀ ਦੇ ਉੱਤੇ ਪੂਰੀ ਤਰ੍ਹਾਂ ਦੇ ਨਾਲ (ਜਾਨਵਰ ਦੀ ਅੰਦਰੂਨੀ ਹਿੱਸੇ ਤੋਂ ਇਲਾਵਾ) ਭਸਮ ਹੋਵੇ।[5] ਇਸ ਤੋਂ ਇੱਕ ਸੁਗੰਧ ਪੈਦਾ ਹੋਈ ਜਿਸ ਨੇ ਪਰਮੇਸ਼ੁਰ ਨੂੰ ਖੁਸ਼ ਕੀਤਾ ਸੀ (8:21; ਲੇਵੀਆਂ 1:9) ਕਿਉਂਕਿ ਇਹ ਪੂਰੀ ਤਰ੍ਹਾਂ ਦੇ ਨਾਲ ਉਸ ਨੂੰ ਸਮਰਪਿਤ ਜੀਵਨ ਦਾ ਸੰਕੇਤ ਦਿੰਦਾ ਸੀ। ਸਮੱਸਿਆ ਇਹ ਸੀ ਕਿ ਮਨੁੱਖੀ ਬਲੀਦਾਨ ਯਹੋਵਾਹ ਦੇ ਲਈ ਘ੍ਰਿਣਾਯੋਗ ਸਨ। ਬਾਅਦ ਵਿਚ, ਉਸ ਨੇ ਆਪਣੇ ਲੋਕਾਂ ਨੂੰ ਮਨਾਹੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਉਸ ਦੇ ਸਾਹਮਣੇ ਬਲੀਦਾਨ ਕਰਕੇ ਨਾ ਚੜ੍ਹਾਉਣ ਜਿਵੇਂ ਮੂਰਤੀਪੂਜਕ ਲੋਕ ਆਪਣੇ ਦੇਵਤਿਆਂ ਦੀ ਪੂਜਾ ਕਰਨ ਦੇ ਲਈ ਕਰਦੇ ਹਨ (ਲੇਵੀਆਂ 18:21; 20:1-5; ਬਿਵਸਥਾ ਸਾਰ 12:31; 18:10)।

ਪਰਮੇਸ਼ੁਰ ਮਨੁੱਖੀ ਬਲੀਦਾਨਾਂ ਤੋਂ ਕਿੰਨੀ ਨਫ਼ਰਤ ਕਰਦਾ ਸੀ ਇਸ ਦੇ ਵਿਸ਼ੇ ਵਿਚ ਅਬਰਾਹਾਮ ਕਿੰਨਾ ਕੁ ਜਾਣਦਾ ਸੀ? ਸਾਨੂੰ ਹੁਣ ਤੱਕ ਬਾਈਬਲ ਦੀ ਲਿਖਤ ਦੇ ਦੁਆਰਾ ਇਸ ਦੀ ਜਾਣਕਾਰੀ ਨਹੀਂ ਦਿੱਤੀ ਗਈ ਹੈ। ਪਰ, ਯਹੋਵਾਹ ਦੇ ਹੁਕਮ ਨੇ ਕਿ ਇਸਹਾਕ ਨੂੰ ਲੈ – ਜੋ ਵਾਇਦੇ ਦੀ ਸੰਤਾਨ ਹੈ – ਅਤੇ ਉਸ ਨੂੰ ਅੱਗ ਵਿਚ, ਹੋਮ ਦੀ ਬਲੀ ਕਰਕੇ ਚੜ੍ਹਾ, ਜ਼ਰੂਰ ਉਸ ਨੂੰ ਅੰਦਰੂਨੀ ਤੌਰ ਤੇ ਇਕਦਮ ਤੋੜ ਦਿੱਤਾ ਹੋਵੇਗਾ। ਇਹ ਪੁਰਖੇ ਦੇ ਵਿਸ਼ਵਾਸ ਦੀ ਸਰਵਉੱਚ ਪਰੀਖਿਆ ਬਣ ਗਿਆ।

ਪ੍ਰਸ਼ਨ ਵਿਚ ਪਰਮੇਸ਼ੁਰ ਦਾ ਚਰਿੱਤਰ ਅਤੇ ਸੁਭਾਅ ਸ਼ਾਮਲ ਸੀ। ਇਨ੍ਹਾਂ ਸਾਰੇ ਸਾਲਾਂ ਤੋਂ ਬਾਅਦ, ਅਬਰਾਹਾਮ ਪ੍ਰਭੂ ਨੂੰ ਚੰਗੀ ਤਰ੍ਹਾਂ ਨਾਲ ਜਾਣਦਾ ਸੀ, ਉਹ ਇਹ ਜਾਣਦਾ ਸੀ ਕਿ ਉਸ ਦਾ ਇਰਾਦਾ ਕੋਈ ਗਲਤ ਨਹੀਂ ਸੀ, ਉਹ ਇੱਕ ਭਲਾ ਅਤੇ ਦਯਾਵਾਨ ਪਰਮੇਸ਼ੁਰ ਸੀ। ਇਸ ਲਈ, ਭਾਵੇਂ ਉਹ ਇਸ ਤਰ੍ਹਾਂ ਦੇ ਹੁਕਮ ਦਾ ਕਾਰਣ ਨਹੀਂ ਸਮਝ ਸਕਿਆ ਸੀ, ਪਰ ਉਸ ਨੂੰ ਵਿਸ਼ਵਾਸ ਸੀ ਕਿ ਇਸ ਸਭ ਦੇ ਵਿਚ ਵੀ ਪਰਮੇਸ਼ੁਰ ਭਲਾਈ ਹੀ ਕਰੇਗਾ। ਇਸ ਸਮੇਂ ਨੂੰ ਯਾਦ ਕਰਦੇ ਹੋਏ, ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਕਿਹਾ ਕਿ ਪੁਰਖੇ ਨੇ ਵਿਸ਼ਵਾਸ ਦੇ ਦੁਆਰਾ ਕੰਮ ਕੀਤਾ, ਉਸ ਨੂੰ ਇਹ ਵਿਸ਼ਵਾਸ ਸੀ ਕਿ ਜੇਕਰ ਉਸ ਨੇ ਆਪਣੇ ਪੁੱਤਰ ਨੂੰ ਮਾਰ ਦਿੱਤਾ, ਤਾਂ ਪ੍ਰਭੂ ਉਸ ਨੂੰ "ਮੁਰਦਿਆਂ ਵਿੱਚੋਂ ਭੀ" ਜ਼ਿੰਦਾ ਉਠਾ ਖੜਾ ਕਰੇਗਾ (ਇਬਰਾਨੀਆਂ 11:19)।

**ਆਇਤ 3.** ਉਸ ਰਾਤ **ਅਬਰਾਹਾਮ** ਨੇ ਜੋ ਵੀ ਮਾਨਸਿਕ ਸੰਘਰਸ਼ ਕੀਤੇ, ਉਸ ਨੇ ਉਨ੍ਹਾਂ ਨੂੰ ਸੁਲਝਾਇਆ। ਲਿਖਤ ਬਿਆਨ ਕਰਦੀ ਹੈ ਕਿ ਉਸ ਨੇ **ਤੜਕੇ ਉੱਠਕੇ** ਤਿਆਰੀ ਕੀਤੀ। ਇਸ ਆਇਤ ਤੋਂ ਇਹ ਪਤਾ ਲੱਗਦਾ ਹੈ ਕਿ ਪੁਰਖੇ ਨੇ ਰੱਬੀ ਹਿਦਾਇਤਾਂ ਦੇ ਪ੍ਰਤਿ ਤੁਰੰਤ ਪ੍ਰਤਿਕਿਰਿਆ ਕੀਤੀ (ਵੇਖੋ 19:27; 20:8; 21:14)। ਉਸ ਨੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਨ ਤੋਂ ਸੰਕੋਚ ਨਹੀਂ ਕੀਤਾ। ਇਸ ਦੇ ਉਲਟ, ਉਸ ਨੇ ਤਿੰਨਾਂ ਦਿਨਾਂ ਦੀ ਯਾਤਰਾ ਦੇ ਲਈ ਰਸਦ ਤਿਆਰ ਕੀਤੀ (22:4), ਜਿਸ ਵਿਚ ਉਸ ਨੇ **ਆਪਣੇ ਦੋ ਜੁਆਣ** (ਦਾਸ), ਇੱਕ **ਗਧੇ**, **ਹੋਮ ਦੀ ਬਲੀ ਲਈ ਲੱਕੜੀਆਂ**, ਅਤੇ **ਆਪਣੇ ਪੁੱਤ੍ਰ ਇਸਹਾਕ** ਨੂੰ ਨਾਲ ਲਿਆ।

**ਆਇਤ 4.** ਬਏਰਸਬਾ ਤੋਂ ਪਰੰਪਰਾਗਤ ਸਥਲ ਮੋਰੀਆਹ ਪਹਾੜ (ਯਰੂਸ਼ਲਮ) ਦੀ ਦੂਰੀ ਲਗਭਗ ਪੰਜਾਹ ਮੀਲ ਹੈ, ਅਤੇ ਅਬਰਾਹਾਮ ਦਾ ਦਿਲ ਇਸ ਯਾਤਰਾ ਦੇ ਦੌਰਾਨ ਇਸ ਸੋਚ ਦੇ ਨਾਲ ਜ਼ਰੂਰ ਬਹੁਤ ਭਾਰੀ ਰਿਹਾ ਹੋਵੇਗਾ ਕਿ ਉੱਥੇ ਜਾ ਕੇ ਪਰਮੇਸ਼ੁਰ ਉਸ ਨੂੰ ਕੀ ਕਰਨ ਦੇ ਲਈ ਕਹੇਗਾ: ਇਸਹਾਕ ਨੂੰ ਹੋਮ ਦੀ ਬਲੀ ਕਰ ਕੇ ਚੜ੍ਹਾ। ਤੀਸਰੇ ਦਿਨ ਪੁਰਖੇ ਨੇ **ਆਪਣੀਆਂ ਅੱਖਾਂ ਚੁੱਕਕੇ ਉਸ ਥਾਂ ਨੂੰ ਦੂਰੋਂ ਡਿੱਠਾ।**

**ਆਇਤ 5.** ਪਰ, ਉਸ ਨੇ ਇਸਹਾਕ ਜਾਂ ਦਾਸਾਂ ਨੂੰ ਆਪਣੀ ਯਾਤਰਾ ਦਾ ਅਸਲੀ ਉਦੇਸ਼

ਨਹੀਂ ਦੱਸਿਆ ਸੀ। ਸਗੋਂ, ਉਸ ਨੇ **ਜੁਆਣਾਂ** ਨੂੰ ਹਿਦਾਇਤ ਕੀਤੀ ਕਿ **ਏਥੇ ਗਧੇ ਦੇ ਕੋਲ ਬੈਠੇ ਰਹੋ,** ਜਦਕਿ ਇਸਹਾਕ ਅਤੇ ਉਹ ਉਸ ਯਾਤਰਾ ਵਿਚ ਅੱਗੇ ਉਸ ਸਥਾਨ ਤੱਕ ਚੱਲਦੇ ਜਾਣ ਜਿੱਥੇ ਜਾਣ ਦੇ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਸੀ। ਫਿਰ ਅਬਰਾਹਾਮ ਨੇ ਕਿਹਾ, **ਮੈਂ ਅਰ ਇਹ ਮੁੰਡਾ ਥੋੜੀ ਦੂਰ ਅੱਗੇ ਜਾਵਾਂਗੇ ਅਤੇ ਮੱਥਾ ਟੇਕਕੇ ਤੁਹਾਡੇ ਕੋਲ ਮੁੜ ਆਵਾਂਗੇ।** ਇਹ ਬਿਆਨ ਪਰਮੇਸ਼ੁਰ ਦੇ ਉੱਤੇ ਉਸ ਦੇ ਸੰਪੂਰਣ ਭਰੋਸੇ ਨੂੰ ਪਰਗਟ ਕਰਦਾ ਹੈ। ਕਿਸੇ ਤਰੀਕੇ ਨਾਲ – ਭਾਵੇਂ ਉਹ ਨਹੀਂ ਜਾਣਦਾ ਸੀ ਕਿ ਕਿਵੇਂ – ਪਰ ਉਹ ਚਾਹੁੰਦਾ ਸੀ ਕਿ ਉਹ ਦੋਵੇਂ ਵਾਪਸ ਮੁੜ ਆਉਣ।

**ਆਇਤ 6.** ਸਰੀਰਕ ਤੌਰ ਤੇ ਅਤੇ ਭਾਵਨਾਤਮਕ ਤੌਰ ਤੇ, ਯਾਤਰਾ ਦਾ ਅਗਲਾ ਭਾਗ ਪੁਰਖੇ ਅਤੇ ਉਸ ਦੇ ਪੁੱਤਰ ਦੇ ਲਈ ਸਭ ਤੋਂ ਮੁਸ਼ਕਲ ਹਿੱਸਾ ਸੀ, ਜਦੋਂ ਉਨ੍ਹਾਂ ਨੇ ਦੋਵਾਂ ਨੌਕਰਾਂ ਨੂੰ ਗਧੇ ਸਮੇਤ ਪਿੱਛੇ ਛੱਡ ਦਿੱਤਾ ਸੀ। ਲੇਖ ਵਿਚ ਕਿਹਾ ਗਿਆ ਹੈ ਕਿ **ਅਬਰਾਹਾਮ ਨੇ ਹੋਮ ਦੀ ਬਲੀ ਦੀਆਂ ਲੱਕੜੀਆਂ ਲੈਕੇ ਆਪਣੇ ਪੁੱਤ੍ਰ ਇਸਹਾਕ ਨੂੰ ਚੁਕਾ ਦਿੱਤੀਆਂ**। ਭਾਵੇਂ ਇਸਹਾਕ ਇਸ ਸਮੇਂ ਕਿਸ਼ੋਰ ਹੀ ਸੀ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅੰਤਿਮ ਪਹਾੜ ਤੱਕ ਬਲੀਦਾਨ ਦੇ ਲਈ ਕਾਫੀ ਲੱਕੜੀਆਂ ਚੁੱਕ ਕੇ ਲੈ ਜਾਣ ਵਿਚ ਸਰੀਰ ਦਾ ਕਾਫੀ ਜ਼ੋਰ ਲੱਗਿਆ ਹੋਵੇਗਾ। ਇੱਕ ਯਹੂਦੀ ਮਿਡਰੈਸ਼ ਕਹਿੰਦਾ ਹੈ ਕਿ ਇਸਹਾਕ, ਆਪਣੀ ਪਿੱਠ ਉੱਤੇ ਲੱਕੜੀਆਂ ਦਾ ਭਾਰ ਨੂੰ ਚੁੱਕ ਕੇ, ਇੱਕ ਦੋਸ਼ੀ ਕਰਾਰ ਕੀਤੇ ਹੋਏ ਅਪਰਾਧੀ ਦੇ ਸਮਾਨ ਸੀ ਜਿਸ ਨੂੰ ਆਪਣੀ ਸਲੀਬ ਚੁੱਕ ਕੇ ਲੈ ਜਾਣ ਦੇ ਲਈ ਮਜਬੂਰ ਕੀਤਾ ਗਿਆ ਹੈ।[6] ਅਸੀਂ ਉਸ ਸਮੇਂ ਅਬਰਾਹਾਮ ਦੇ ਦਿਲ ਦੀ ਹਾਲਤ ਦੀ ਸਿਰਫ ਕਲਪਨਾ ਹੀ ਕਰ ਸਕਦੇ ਹਾਂ ਜਦੋਂ ਉਹ ਇਸਹਾਕ ਦੇ ਨਾਲ ਚੱਲ ਰਿਹਾ ਸੀ। ਉਸ ਨੇ **ਆਪਣੇ ਹੱਥ ਵਿੱਚ ਅਗਨੀ ਅਰ ਛੁਰੀ ਫੜ ਲਈ** ਜਿਨ੍ਹਾਂ ਨੂੰ ਉਸ ਨੇ ਪ੍ਰਭੂ ਦੀਆਂ ਹਿਦਾਇਤਾਂ ਨੂੰ ਪੂਰਾ ਕਰਨ ਦੇ ਲਈ ਆਪਣੇ ਪੁੱਤਰ ਦੇ ਉੱਤੇ ਇਸਤੇਮਾਲ ਕਰਨਾ ਸੀ, ਇਸ ਗੱਲ ਨੂੰ ਜਾਣਦੇ ਹੋਏ ਕਿ ਹੁਣ ਜਲਦੀ ਹੀ ਉਸ ਨੂੰ ਆਪਣੀ ਯਾਤਰਾ ਦੇ ਅਸਲੀ ਮਕਸਦ ਦਾ ਵਰਣਨ ਕਰਨਾ ਪਵੇਗਾ।

**ਆਇਤ 7.** ਜਦੋਂ ਪਿਤਾ ਅਤੇ ਪੁੱਤਰ ਇਕੱਠੇ ਪਹਾੜ ਚੜ੍ਹ ਗਏ, ਤਾਂ **ਇਸਹਾਕ** ਨੇ ਉਸ ਅਜੀਬ ਜਿਹੀ ਚੁੱਪ ਨੂੰ ਤੋੜ ਦਿੱਤਾ ਜਦੋਂ ਉਸ ਨੇ **ਅਬਰਾਹਾਮ** ਦੇ ਨਾਲ ਗੱਲ ਕੀਤੀ। ਉਹ ਸਮਝ ਗਿਆ ਸੀ ਕਿ ਉਨ੍ਹਾਂ ਦੇ ਕੋਲ ਇੱਕ ਜਾਨਵਰ ਨੂੰ ਮਾਰਨ ਅਤੇ ਇੱਕ ਜਗਵੇਦੀ ਤੇ ਬਲੀਦਾਨ ਚੜ੍ਹਾਉਣ ਦੇ ਲਈ ਲੋੜੀਂਦੀਆਂ ਚੀਜ਼ਾਂ ਤਾਂ ਹਨ; ਪਰ ਉਸ ਨੇ ਕਿਹਾ, **ਪਰ ਹੋਮ ਬਲੀ ਲਈ ਲੇਲਾ ਕਿੱਥੇ ਹੈ?** ਇੰਝ ਜਾਪਦਾ ਹੈ ਕਿ ਉਸ ਲੜਕੇ ਨੂੰ ਆਪਣੇ ਪਿਤਾ ਤੇ ਪੂਰਾ ਪੂਰਾ ਭਰੋਸਾ ਸੀ; ਪਰ ਉਹ ਇਸ ਉਲਝਣ ਵਿਚ ਸੀ, ਕਿ ਉਨ੍ਹਾਂ ਦੇ ਕੋਲ ਕੁਰਬਾਨੀ ਦਾ ਲੇਲਾ ਨਹੀਂ ਸੀ। ਪੁਰਖੇ ਨੇ ਆਪਣੇ ਪੁੱਤਰ ਨੂੰ ਉਸ ਦੇ ਹੰਕਾਰ ਦੇ ਕਾਰਣ ਝਿੜਕਿਆ ਨਹੀਂ; ਸਗੋਂ, ਇਹ ਗੱਲਬਾਤ ਉਸ ਗਹਿਰੇ ਪ੍ਰੇਮ ਅਤੇ ਸਨਮਾਨ ਨੂੰ ਦਰਸਾਉਂਦੀ ਹੈ ਜੋ ਉਨ੍ਹਾਂ ਦੋਵਾਂ ਦਾ ਆਪਸ ਵਿਚ ਸੀ। ਇਸਹਾਕ ਨੇ ਆਦਰ ਦੇ ਨਾਲ ਉਸ ਨੂੰ ਸੰਬੋਧਤ ਕੀਤਾ, **ਪਿਤਾ ਜੀ** ਅਤੇ ਅਬਰਾਹਾਮ ਦੇ ਪ੍ਰੇਮ ਨਾਲ ਉਸ ਨੂੰ, **ਹੇ ਮੇਰੇ ਪੁੱਤ੍ਰ** ਕਹਿ ਕੇ ਉੱਤਰ ਦਿੱਤਾ।

**ਆਇਤ 8.** ਸਾਨੂੰ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਹੈ ਕਿ ਪੁਰਖਾ ਇਸਹਾਕ ਦੇ ਪ੍ਰਸ਼ਨ ਨੂੰ ਸੁਣ ਕੇ ਪਰੇਸ਼ਾਨ ਹੋਇਆ ਸੀ, ਨਾ ਹੀ ਇਸ ਗੱਲ ਦਾ ਕਿ ਉਹ ਉਸ ਨੂੰ ਕਠੋਤਾ ਦੇ ਨਾਲ ਉੱਤਰ ਦੇ ਰਿਹਾ ਸੀ। ਉਸ ਨੂੰ ਯਕੀਨੀ ਤੌਰ ਤੇ ਇਸ ਤਰ੍ਹਾਂ ਦੇ ਇੱਕ ਪ੍ਰਸ਼ਨ ਦੇ ਪੁੱਛੇ ਜਾਣ ਦੀ ਉਮੀਦ ਸੀ, ਅਤੇ ਉਸ ਦਾ ਉੱਤਰ ਸੀ **ਹੇ ਮੇਰੇ ਪੁੱਤ੍ਰ ਪਰਮੇਸ਼ੁਰ ਹੋਮ ਬਲੀ ਲਈ ਲੇਲਾ ਆਪ ਹੀ ਦੇਊਗਾ।** ਹੋਰਨਾਂ ਸ਼ਬਦਾਂ ਵਿਚ, ਸਧਾਰਣ ਬਲੀਦਾਨ ਚੜ੍ਹਾਏ ਜਾਣ ਦੀ ਤੁਲਨਾ ਵਿਚ ਜਿਸ ਵਿਚ ਇੱਕ ਭਗਤ ਜਾਨਵਰ ਮੁਹੱਈਆ ਕਰਦਾ ਸੀ, ਇਸ ਮੌਕੇ ਤੇ, ਅਬਰਾਹਾਮ ਨੇ ਇਸਹਾਕ ਨੂੰ ਯਕੀਨ ਦੁਵਾਇਆ ਕਿ ਪਰਮੇਸ਼ੁਰ ਬਲੀਦਾਨ ਦਾ ਲੇਲਾ ਆਪ ਹੀ ਦੇਵੇਗਾ।

**ਇਸਹਾਕ ਦਾ ਬਲੀਦਾਨ (22:9-14)**

**[9]ਓਹ ਉਸ ਥਾਂ ਉੱਤੇ ਜਾ ਪੁੱਜੇ ਜਿਹੜੀ ਪਰਮੇਸ਼ੁਰ ਨੇ ਉਹ ਨੂੰ ਦੱਸੀ ਸੀ। ਉੱਥੇ ਅਬਰਾਹਾਮ**
**ਨੇ ਇੱਕ ਜਗਵੇਦੀ ਬਣਾਈ ਅਰ ਉਸ ਉੱਤੇ ਲੱਕੜੀਆਂ ਚੁਣ ਦਿੱਤੀਆਂ ਅਰ ਆਪਣੇ ਪੁੱਤ੍ਰ ਇਸਹਾਕ**
**ਨੂੰ ਬੰਨ੍ਹਕੇ ਜਗਵੇਦੀ ਪੁਰ ਲੱਕੜੀਆਂ ਦੇ ਉੱਤੇ ਰੱਖ ਦਿੱਤਾ। [10]ਤਾਂ ਜਿਵੇਂ ਹੀ ਅਬਰਾਹਾਮ ਨੇ**
**ਆਪਣਾ ਹੱਥ ਕੱਢਕੇ ਛੁਰੀ ਫੜੀ ਕਿ ਆਪਣੇ ਪੁੱਤ੍ਰ ਨੂੰ ਕੋਹੇ। [11]ਤਾਂ ਯਹੋਵਾਹ ਦੇ ਦੂਤ ਨੇ ਉਹ ਨੂੰ**
**ਅਕਾਸ਼ ਤੋਂ ਪੁਕਾਰਿਆ, "ਅਬਰਾਹਾਮ ਅਬਰਾਹਾਮ!" ਉਸ ਉੱਤਰ ਦਿੱਤਾ, ਮੈਂ ਹਾਜ਼ਰ ਹਾਂ। [12]ਉਸ**
**ਆਖਿਆ, ਤੂੰ ਏਸ ਮੁੰਡੇ ਨੂੰ ਹੱਥ ਨਾ ਲਾ ਅਤੇ ਨਾ ਹੀ ਉਸ ਨਾਲ ਕੁਝ ਕਰ। ਹੁਣ ਮੈਂ ਜਾਣ ਗਿਆ**
**ਹਾਂ ਕਿ ਤੂੰ ਪਰਮੇਸ਼ੁਰ ਤੋਂ ਭੈ ਖਾਂਦਾ ਹੈਂ ਕਿਉਂਜੋ ਤੈਂ ਆਪਣੇ ਪੁੱਤ੍ਰ, ਹਾਂ, ਆਪਣੇ ਇਕਲੌਤੇ ਪੁੱਤ੍ਰ ਦਾ ਵੀ**
**ਮੈਥੋਂ ਸਰਫਾ ਨਹੀਂ ਕੀਤਾ। [13]ਜਦ ਅਬਰਾਹਾਮ ਨੇ ਆਪਣੀਆਂ ਅੱਖਾਂ ਚੁੱਕਕੇ ਡਿੱਠਾ ਤਾਂ ਵੇਖੋ ਉਹ**
**ਦੇ ਪਿੱਛੇ ਇੱਕ ਛੱਤ੍ਰਾ ਸੀ ਜਿਹ ਦੇ ਸਿੰਙ ਇੱਕ ਝਾੜੀ ਵਿੱਚ ਫਸੇ ਹੋਏ ਸਨ ਤਾਂ ਅਬਰਾਹਾਮ ਗਿਆ**
**ਅਰ ਛੱਤ੍ਰੇ ਨੂੰ ਫੜ ਕੇ ਲੈ ਆਂਦਾ ਅਰ ਉਸ ਨੂੰ ਆਪਣੇ ਪੁੱਤ੍ਰ ਦੀ ਥਾਂ ਬਲੀ ਚੜ੍ਹਾਇਆ। [14]ਤਾਂ**
**ਅਬਰਾਹਾਮ ਨੇ ਉਸ ਥਾਂ ਦਾ ਨਾਉਂ ਯਹੋਵਾਹ ਯਿਰਹ ਰੱਖਿਆ ਜਿਹੜਾ ਅੱਜ ਤੀਕ ਆਖੀਦਾ ਹੈ**
**ਕਿ ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ।**

**ਆਇਤ 9.** ਜਦੋਂ ਉਹ **ਉਸ ਥਾਂ** ਤੇ ਜਾ ਪਹੁੰਚੇ ਜੋ **ਪਰਮੇਸ਼ੁਰ** ਨੇ ਦੱਸੀ ਸੀ, **ਉੱਥੇ ਅਬਰਾਹਾਮ ਨੇ ਇੱਕ ਜਗਵੇਦੀ ਬਣਾਈ ਅਰ ਉਸ ਉੱਤੇ ਲੱਕੜੀਆਂ ਚੁਣ ਦਿੱਤੀਆਂ।** ਕਿਉਂਕਿ **ਇਸਹਾਕ** ਨੇ ਲੱਕੜੀਆਂ ਚੁੱਕ ਕੇ ਪਹਾੜ ਤੱਕ ਪਹੁੰਚਾਈਆਂ ਸਨ (22:6), ਤਾਂ ਉਸ ਨੇ ਸ਼ਾਇਦ ਆਪਣੇ ਬਜ਼ੁਰਗ ਪਿਤਾ ਦੀ ਮਦਦ ਕੀਤੀ ਸੀ, ਜਿਸ ਦੀ ਉਮਰ ਇਸ ਸਮੇਂ ਤੱਕ ਇੱਕ ਸੌ ਸਾਲ ਤੋਂ ਵੀ ਵੱਧ ਹੋ ਚੁੱਕੀ ਸੀ, ਜਦੋਂ ਉਸ ਨੇ ਪੱਥਰ ਚੁੱਕ ਚੁੱਕ ਕੇ ਉਨ੍ਹਾਂ ਤੋਂ ਵੇਦੀ ਬਣਾਈ ਸੀ। ਬੇਸ਼ੱਕ, ਬਿਰਤਾਂਤ ਦਾ ਜ਼ੋਰ, ਅਬਰਾਹਾਮ ਦੇ ਆਗਿਆਕਾਰੀ ਵਿਸ਼ਵਾਸ ਤੇ ਹੈ; ਪਰ, ਇਸਹਾਕ ਦੇ ਅੰਦਰ ਇੱਕ ਇਹੋ ਜਿਹਾ ਵਿਸ਼ਵਾਸ ਸੀ ਜਿਸ ਨੇ ਸਹਿਯੋਗ ਦਿੱਤਾ, ਕਿਉਂਕਿ ਉਸ ਨੇ ਰੱਸੀਆਂ ਦੀ ਲੋੜ ਦੇ ਵਿਸ਼ੇ ਵਿਚ ਪ੍ਰਸ਼ਨ ਨਹੀਂ ਪੁੱਛਿਆ। ਇਸ ਤੋਂ ਇਲਾਵਾ, ਇੰਝ ਜਾਪਦਾ ਹੈ ਕਿ ਜਦੋਂ ਉਸ ਦੇ ਪਿਤਾ ਨੇ ਉਸ ਨੂੰ ਰੱਸੀਆਂ ਨਾਲ **ਬੰਨ੍ਹਕੇ ਜਗਵੇਦੀ ਪੁਰ ਲੱਕੜੀਆਂ ਦੇ ਉੱਤੇ ਰੱਖਿਆ** ਤਾਂ ਉਸ ਨੇ ਉਸ ਦਾ ਕੋਈ ਵੀ ਵਿਰੋਧ ਨਹੀਂ ਕੀਤਾ ਸੀ। ਜਦਕਿ ਉਹ ਇੰਨਾ ਜਾਨ ਵਾਲਾ ਸੀ ਕਿ ਲੱਕੜੀਆਂ ਚੁੱਕ ਸਕਦਾ ਸੀ, ਤਾਂ ਸਪੱਸ਼ਟ ਤੌਰ ਤੇ ਉਹ ਕਾਫੀ ਵੱਡਾ ਅਤੇ ਤਕੜਾ ਸੀ ਕਿ ਜਦੋਂ ਉਸ ਦਾ ਪਿਤਾ ਉਸ ਨੂੰ ਬੰਨ੍ਹ ਰਿਹਾ ਸੀ, ਜੇਕਰ ਉਹ ਚਾਹੁੰਦਾ ਤਾਂ ਉਹ ਉਸ ਦੇ ਨਾਲ ਸੰਘਰਸ਼ ਕਰ ਸਕਦਾ ਸੀ। ਬਿਰਤਾਂਤ ਦਾ ਸੰਕੇਤ ਇਹ ਹੈ ਕਿ ਇਸਹਾਕ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਸੀ ਕਿ ਉਹ ਆਪਣੇ ਪਿਤਾ ਦਾ ਪਰਮੇਸ਼ੁਰ ਨੂੰ ਚੜ੍ਹਾਇਆ ਜਾਣ ਵਾਲਾ ਬਲੀਦਾਨ ਸੀ ਅਤੇ ਉਹ ਇੱਕ ਤਿਆਰ ਸ਼ਿਕਾਰ ਸੀ।

**ਆਇਤ 10.** ਜਦੋਂ ਉਸ ਨੇ **ਆਪਣਾ ਹੱਥ ਕੱਢਕੇ ਛੁਰੀ ਫੜੀ ਕਿ ਆਪਣੇ ਪੁੱਤ੍ਰ ਨੂੰ ਕੋਹੇ** ਉਸ ਸਮੇਂ ਅਬਰਾਹਾਮ ਦਾ ਦਿਲ ਦੁੱਖ ਨਾਲ ਭਰ ਗਿਆ ਹੋਵੇਗਾ। ਸ਼ਬਦ "ਕੋਹੇ," שָׁחַט (*ਸ਼ਚਾਟ)*, ਦਾ ਅਰਥ ਹੈ "ਕਤਲ" ਕਰਨਾ ਹੈ। ਇਹ ਬਲੀਦਾਨ ਦਾ ਸ਼ਬਦ ਆਮ ਤੌਰ ਤੇ ਉਸ ਜਾਨਵਰ ਦੇ ਗਲੇ ਦੇ ਕੱਟੇ ਜਾਣ ਦਾ ਉਲੇਖ ਕਰਦਾ ਹੈ ਜਿਸ ਨੂੰ ਜਗਵੇਦੀ ਦੇ ਉੱਤੇ ਸਾੜਿਆ ਜਾਂਦਾ ਸੀ (ਲੇਵੀਆਂ 1:5, 11), ਪਰ ਇਸ ਦੀ ਵਰਤੋਂ ਬੁੱਤਪ੍ਰਸਤ ਲੋਕਾਂ ਦੇ ਦੁਆਰਾ ਝੂਠੇ ਦੇਵਤਿਆਂ ਦੀ ਪੂਜਾ ਦੇ ਸਮੇਂ ਬੱਚਿਆਂ ਦੀਆਂ ਕੁਰਬਾਨੀਆਂ ਚੜ੍ਹਾਉਣ ਦੇ ਸਮੇਂ ਵੀ ਕੀਤੀ ਜਾਂਦੀ ਸੀ (ਯਸਾਯਾਹ 57:5; ਹਿਜ਼ਕੀਏਲ 16:21; 23:39)।

**ਆਇਤਾਂ 11, 12.** ਇਸ ਤੋਂ ਪਹਿਲਾਂ ਕਿ ਅਬਰਾਹਾਮ ਆਪਣੇ ਪੁੱਤਰ ਨੂੰ ਕੋਹੰਦਾ, **ਯਹੋਵਾਹ**

**ਦੇ ਦੂਤ ਨੇ** ਇੱਕ ਤਤਕਾਲੀ ਸ਼ਬਦ ਦੇ ਨਾਲ **ਉਹ ਨੂੰ ਅਕਾਸ਼ ਤੋਂ ਪੁਕਾਰਿਆ, "ਅਬਰਾਹਾਮ ਅਬਰਾਹਾਮ!"** ਪਵਿੱਤਰ ਬਾਈਬਲ ਵਿਚ ਇੱਕ ਵਿਅਕਤੀ ਦੇ ਨਾਮ ਦਾ ਦੁਹਰਾਇਆ ਜਾਣਾ ਇਸ ਲਈ ਹੁੰਦਾ ਸੀ ਕਿ ਉਸ ਦੇ ਧਿਆਨ ਨੂੰ ਆਪਣੇ ਵੱਲ ਖਿੱਚਿਆ ਜਾਵੇ, ਉਸ ਨੂੰ ਉਸ ਕੰਮ ਤੋਂ ਰੋਕਿਆ ਜਾਵੇ ਜੋ ਉਹ ਕਰ ਰਿਹਾ ਸੀ। ਇਹ ਉਸ ਨੂੰ ਨਵੀਆਂ ਰੱਬੀ ਹਿਦਾਇਤਾਂ ਦੇ ਲਈ ਵੀ ਤਿਆਰ ਕੀਤਾ ਜਾਂਦਾ ਸੀ।[8] ਦੁਬਾਰਾ, ਪੁਰਖੇ ਦਾ ਉੱਤਰ ਸੀ **ਮੈਂ ਹਾਜ਼ਰ ਹਾਂ** (ਵੇਖੋ 22:1, 7)। ਇਹ ਕਹਾਣੀ ਦਾ ਇੱਕ ਮਹੱਤਵਪੂਰਣ ਮੋੜ ਹੈ, ਕਿਉਂਕਿ ਰੱਬੀ ਪਰਤਾਵੇ ਨੇ ਆਪਣਾ ਮਕਸਦ ਪੂਰਾ ਕਰ ਲਿਆ ਸੀ। ਸਵਰਗੀ ਅਵਾਜ਼ ਨੇ ਹੁਣ ਇੱਕ ਬਾਅਦ ਦੇ ਹੁਕਮ ਨੇ ਮੁੰਡੇ ਦੇ ਜੀਵਨ ਤੋਂ ਅਸਲੀ ਖਤਰੇ ਨੂੰ ਉਲਟਾ ਦਿੱਤਾ ਹੈ: **ਤੂੰ ਏਸ ਮੁੰਡੇ ਨੂੰ ਹੱਥ ਨਾ ਲਾ ਅਤੇ ਨਾ ਹੀ ਉਸ ਨਾਲ ਕੁਝ ਕਰ।**

ਹੇਠ ਦਿੱਤਾ ਬਿਆਨ ਬਹੁਤ ਸਾਰੇ ਵਿਸ਼ਵਾਸੀਆਂ ਨੂੰ ਪਰੇਸ਼ਾਨ ਕਰਦਾ ਹੈ: **ਹੁਣ ਮੈਂ ਜਾਣ ਗਿਆ ਹਾਂ ਕਿ ਤੂੰ ਪਰਮੇਸ਼ੁਰ ਤੋਂ ਭੈ** [ਆਦਰ] **ਖਾਂਦਾ ਹੈਂ ਕਿਉਂਜੋ ਤੈਂ ਆਪਣੇ ਪੁੱਤ੍ਰ, ਹਾਂ, ਆਪਣੇ ਇਕਲੌਤੇ** [ਯਾਚਿਡ[9]] **ਪੁੱਤ੍ਰ ਦਾ ਵੀ ਮੈਥੋਂ ਸਰਫਾ ਨਹੀਂ ਕੀਤਾ।** ਕੁਝ ਲੋਕ ਇਸ ਆਇਤ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ ਕਿ ਪਰਮੇਸ਼ੁਰ ਭਵਿੱਖ ਨੂੰ ਪਹਿਲਾਂ ਤੋਂ ਹੀ ਨਹੀਂ ਵੇਖ ਸਕਦਾ ਹੈ, ਪਰ ਉਹੀ ਜਾਣਦਾ ਹੈ ਜੋ ਉਹ ਇੱਕ ਪਲ ਵਿਚ ਕੀ ਅਨੁਭਵ ਕਰਦਾ ਹੈ। ਅਜਿਹਾ ਇੱਕ ਵਿਚਾਰ ਬਾਈਬਲ ਦੇ ਬਹੁਤ ਸਾਰੇ ਸਪੱਸ਼ਟ ਹਵਾਲਿਆਂ ਦਾ ਖੰਡਨ ਕਰਦਾ ਹੈ ਜੋ ਇਹ ਸਿਖਾਉਂਦੇ ਹਨ ਕਿ ਪਰਮੇਸ਼ੁਰ ਸਭ-ਕੁਝ ਜਾਣਦਾ ਹੈ (ਜ਼ਬੂਰ 139:1-18; ਯੂਹੰਨਾ 21:17; ਰੋਮੀਆਂ 11:33-36)। 22:12 ਦੀ ਘੋਸ਼ਣਾ ਨੂੰ ਸ਼ਾਬਦਿਕ ਰੂਪ ਵਿਚ ਨਹੀਂ ਲੈਣਾ ਚਾਹੀਦਾ ਹੈ; ਯਹੋਵਾਹ ਦਾ ਗਿਆਨ ਸਿਰਫ ਇੱਕ ਆਲੰਕਾਰਿਕ ਅਰਥ ਵਿਚ ਹੀ ਸੀਮਿਤ ਹੈ।

ਇਸ ਨੂੰ ਸਪੱਸ਼ਟ ਕਰਨ ਦੇ ਲਈ, ਇਹ ਜ਼ਰੂਰੀ ਹੈ ਕਿ, ਅਧਿਆਇ 12 ਵਿਚ ਪਰਮੇਸ਼ੁਰ ਦੁਆਰਾ ਅਬਰਾਹਾਮ ਦੇ ਬੁਲਾਏ ਜਾਣ ਤੋਂ ਲੈ ਕੇ ਇਸ ਹਵਾਲੇ ਤੱਕ, ਉਸ ਦੀ ਮੁਸਾਫ਼ਰੀ ਦੇ ਸੰਪੂਰਣ ਹਵਾਲੇ ਦੀ ਸਮੀਖਿਆ ਕੀਤੀ ਜਾਵੇ। ਉਸ ਦੇ ਜੀਵਨ ਦਾ ਵਰਣਨ ਇਹ ਸੰਕੇਤ ਦਿੰਦਾ ਹੈ ਕਿ ਪੁਰਖਾ ਅਕਸਰ ਆਪਣੇ ਵਿਸ਼ਵਾਸ ਅਤੇ ਆਗਿਆਕਾਰੀ ਦੇ ਨਾਲ ਸੰਘਰਸ਼ ਕਰਦਾ ਹੁੰਦਾ ਸੀ। ਕਈ ਵਾਰ ਉਸ ਨੇ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਲਈ ਕਾਫੀ ਵਿਸ਼ਵਾਸ ਦਾ ਪ੍ਰਦਰਸ਼ਣ ਕਰਦਾ ਸੀ, ਅਤੇ ਫਿਰ ਵੀ ਹੋਰਨਾਂ ਹਾਲਤਾਂ ਵਿਚ, ਵਿਸ਼ਵਾਸ ਦੇ ਕਮਜ਼ੋਰ ਹੋਣ ਦੇ ਕਾਰਣ, ਪੁਰਖੇ ਨੇ ਉਸ ਦੀ ਅਣਆਗਿਆਕਾਰੀ ਕੀਤੀ ਜਾਂ ਸਿਰਫ ਅੰਸ਼ਿਕ ਤੌਰ ਤੇ ਉਸ ਦੀ ਆਗਿਆਕਾਰੀ ਕੀਤੀ ਸੀ। ਪਰ, ਇਸ ਮੌਕੇ ਤੇ, ਪਰਮੇਸ਼ੁਰ ਨੇ ਅਬਰਾਹਾਮ ਦੀ ਵਚਨਬੱਧਤਾ ਦੀ ਗਹਿਰਾਈ ਦੀ ਜਾਂਚ ਕੀਤੀ। ਪ੍ਰਭੂ ਉਸ ਦੇ ਪੁੱਤਰ ਇਸਹਾਕ ਦੇ ਦੁਆਰਾ ਉਸ ਦੀ ਇਸ ਆਖਰੀ ਪਰੀਖਿਆ ਕਰ ਕੇ ਇਹ ਵੇਖਣਾ ਚਾਹੁੰਦਾ ਸੀ ਕਿ ਕੀ ਪੁਰਖੇ ਨੇ ਆਤਮਿਕ ਤੌਰ ਤੇ ਇੰਨਾ ਉੱਨਤ ਹੋ ਚੁੱਕਾ ਹੈ ਕਿ ਦਿਲ ਤੋਂ ਉਸ ਉੱਤੇ ਭਰੋਸਾ ਕਰ ਸਕੇ ਅਤੇ ਉਸ ਦੀ ਆਗਿਆਕਾਰੀ ਕਰ ਸਕੇ। ਇਸ ਅਰਥ ਵਿਚ, ਪਰਮੇਸ਼ੁਰ ਸਾਡੇ ਵਾਂਗ ਹੈ, ਜੋ ਇਹ ਚਾਹੁੰਦਾ ਹੈ ਕਿ – ਨਾ ਸਿਰਫ ਬੌਧਿਕ ਤੌਰ ਤੇ ਸਗੋਂ ਅਨੁਭਵੀ ਰੂਪ ਵਿਚ ਵੀ – ਉਸ ਅਨੰਦ ਨੂੰ ਜਾਣੇ ਜੋ ਮਾਪਿਆਂ ਨੂੰ ਉਸ ਸਮੇਂ ਮਹਿਸੂਸ ਹੁੰਦਾ ਹੈ ਜਦੋਂ ਉਨ੍ਹਾਂ ਦੇ ਬੱਚਿਆਂ ਦੀ ਸਖ਼ਤ ਪਰੀਖਿਆ ਹੋਣ ਦੇ ਬਾਵਜੂਦ ਵੀ ਉਹ ਉਨ੍ਹਾਂ ਦੇ ਪ੍ਰਤਿ ਵਫ਼ਾਦਾਰ ਅਤੇ ਆਗਿਆਕਾਰ ਰਹਿੰਦੇ ਹਨ।

ਇਸ ਤੋਂ ਉਲਟ ਵੀ ਸੱਚ ਹੈ। ਪਰਮੇਸ਼ੁਰ (ਬੌਧਿਕ ਤੌਰ ਤੇ) ਜਾਣਦਾ ਸੀ ਕਿ ਉਸ ਦੇ ਚੁਣੇ ਹੋਏ ਰਾਸ਼ਟਰ ਨੂੰ ਨਸ਼ਟ ਕਰ ਦਿੱਤਾ ਜਾਵੇਗਾ ਅਤੇ ਕੈਦ ਵਿਚ ਲੈ ਜਾਇਆ ਜਾਵੇਗਾ ਕਿਉਂਕਿ ਲੋਕ ਆਪਣੀ ਮੂਰਤੀਪੂਜਾ ਅਤੇ ਹੋਰਨਾਂ ਪਾਪਾਂ ਤੋਂ ਤੋਬਾ ਨਹੀਂ ਕਰਣਗੇ। ਫਿਰ ਵੀ, ਜਦੋਂ ਇਹ ਹੋਇਆ, ਤਾਂ ਪ੍ਰਭੂ ਨੇ ਟੁੱਟੇ ਹੋਏ ਦਿਲ[10] ਦੇ ਦੁੱਖ ਅਤੇ ਨਿਰਾਸ਼ਾ ਦਾ ਅਨੁਭਵ ਕੀਤਾ, ਬਿਲਕੁਲ ਉਸੇ ਤਰ੍ਹਾਂ

ਜਿਵੇਂ ਮਨੁੱਖੀ ਮਾਤਾ-ਪਿਤਾ ਉਸ ਸਮੇਂ ਮਹਿਸੂਸ ਕਰਦੇ ਹਨ ਜਦੋਂ ਉਨ੍ਹਾਂ ਦੇ ਬੱਚੇ ਅਣਆਗਿਆਕਾਰ ਅਤੇ ਆਉਣ ਵਾਲੀ ਤਬਾਹੀ ਤੋਂ ਮੁੜ ਜਾਣ ਦਾ ਇਨਕਾਰ ਕਰਦੇ ਹਨ (ਹੋਸ਼ੇਆ 11:1-8)।

**ਆਇਤ 13.** ਜਦੋਂ ਸਵਰਗਦੂਤ ਉਸ ਨਾਲ ਬੋਲ ਹਟਿਆ, ਤਾਂ **ਅਬਰਾਹਾਮ** ਨੇ **ਆਪਣੀਆਂ ਅੱਖਾਂ ਚੁੱਕਕੇ ਡਿੱਠਾ** ਅਤੇ ਉਸ ਨੇ **ਇੱਕ ਛੱਤ੍ਰਾ** ਵੇਖਿਆ **ਜਿਹ ਦੇ ਸਿੰਙ ਇੱਕ ਝਾੜੀ ਵਿੱਚ ਫਸੇ ਹੋਏ** ਸਨ। ਬਲੀ ਦੇ ਇਸ ਪਸ਼ੂ ਦੀ ਮੌਜੂਦਗੀ ਉਨ੍ਹਾਂ ਸ਼ਬਦਾਂ ਦੀ ਯਾਦ ਦਿਵਾਉਂਦੀ ਹੈ ਜੋ ਪੁਰਖੇ ਨੇ ਆਪਣੇ ਪੁੱਤਰ ਨੂੰ ਪਹਿਲਾਂ ਕਹੇ ਸਨ: "ਪਰਮੇਸ਼ੁਰ ਹੋਮ ਬਲੀ ਲਈ ਲੇਲੇ ਆਪ ਹੀ ਦੇਊਗਾ" (22:8)।

**ਅਬਰਾਹਾਮ ਗਿਆ ਅਰ ਛੱਤ੍ਰੇ ਨੂੰ ਫੜ ਕੇ ਲੈ ਆਂਦਾ ਅਰ ਉਸ ਨੂੰ ਆਪਣੇ ਪੁੱਤ੍ਰ ਦੀ ਥਾਂ ਹੋਮ ਦੀ ਬਲੀ ਚੜ੍ਹਾਇਆ।** ਪਵਿੱਤਰ ਬਾਈਬਲ ਵਿਚ ਇੱਕ ਵਿਅਕਤੀ (ਇਸਹਾਕ) ਦੇ ਸਥਾਨ ਤੇ ਇਵਜ਼ ਦੇ ਰੂਪ ਵਿਚ ਇੱਕ ਜਾਨਵਰ ਦੀ ਬਲੀ ਦਾ ਇਹ ਪਹਿਲਾ ਸਪੱਸ਼ਟ ਹਵਾਲਾ ਹੈ, ਜਿਸ ਨੂੰ ਜੀਉਂਦਾ ਛੱਡ ਦਿੱਤਾ ਗਿਆ ਸੀ। ਇਹ ਸ਼ਰਾ ਦੇ ਤਹਿਤ, ਪਰਾਸ਼ਚਿਤ ਦਾ ਬਲੀਦਾਨ ਨਹੀਂ ਸੀ (ਲੇਵੀਆਂ 1:2-9; 4:27-31), ਕਿਉਂਕਿ ਇਹ ਬੱਚੇ ਦੇ ਪਾਪਾਂ ਦੇ ਕਾਰਣ ਨਹੀਂ ਸੀ ਕਿ ਉਹ ਆਪਣੇ ਪਿਤਾ ਦੇ ਹੱਥੋਂ ਮੌਤ ਦਾ ਸਾਹਮਣਾ ਕਰ ਰਿਹਾ ਸੀ। ਸਗੋਂ, ਇਹ ਪੁਰਖੇ ਦੇ ਵਿਸ਼ਵਾਸ ਦੀ ਇੱਕ ਸਫਲ ਪਰਖ ਸੀ। ਇਸ ਸਮੇਂ ਤੱਕ, ਅਬਰਾਹਾਮ ਵਿਸ਼ਵਾਸ ਕਰਦਾ ਸੀ ਕਿ ਪਰਮੇਸ਼ੁਰ "ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰਥ ਹੈ ਜਿਨ੍ਹਾਂ ਵਿੱਚੋਂ ਉਹ ਨੇ ਮਾਨੋ ਉਹ ਨੂੰ ਪਰਾਪਤ [ਇਸਹਾਕ] ਵੀ ਕਰ ਲਿਆ" (ਇਬਰਾਨੀਆਂ 11:19), ਅਰਥਾਤ, "ਆਦਰਸ਼ ਰੂਪ ਵਿਚ ਬੋਲਦੇ ਹੋਏ" (NIV)। ਹਾਲਾਂਕਿ ਅਬਰਾਹਾਮ ਨੇ ਇਸਹਾਕ ਦੀ ਚਮੜੀ ਨੂੰ ਛੁਰੀ ਦੇ ਨਾਲ ਨਹੀਂ ਕੋਹਿਆ ਸੀ, ਪਰ ਆਪਣੇ ਦਿਲ ਦੇ ਦ੍ਰਿੜ ਨਿਹਚੇ ਦੇ ਨਾਲ ਉਸ ਨੇ ਪਹਿਲਾਂ ਤੋਂ ਹੀ ਉਸ ਦੇ ਸਰੀਰ ਨੂੰ ਛੁਰੀ ਦੇ ਨਾਲ ਵੱਢ ਦਿੱਤਾ ਸੀ। ਸਿੱਟੇ ਵਜੋਂ, ਉਸ ਦਾ ਅਨੰਦ ਉਸੇ ਪ੍ਰਕਾਰ ਦਾ ਅਨੰਦ ਸੀ ਜਿਵੇਂ ਉਸ ਨੇ ਆਪਣੇ ਪਿਆਰੇ ਨੂੰ ਮੁਰਦਿਆਂ ਵਿਚੋਂ ਮੁੜ ਪ੍ਰਾਪਤ ਕੀਤਾ ਹੋਵੇ।

**ਆਇਤ 14. ਅਬਰਾਹਾਮ** ਨੇ **ਉਸ ਥਾਂ** ਨਾ יְהוָה יִרְאֶה (*ਯਹੋਵਾਹ ਯਿਰਹ*) ਰੱਖਿਆ, ਜਿਸ ਦਾ ਅਨੁਵਾਦ ਕੀਤਾ ਗਿਆ ਹੈ **ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ**। ਇਸ ਵਾਕ ਦਾ ਅਰਥ ਇਹ ਵੀ ਹੋ ਸਕਦਾ ਹੈ "ਯਹੋਵਾਹ ਆਪ ਹੀ ਵੇਖੇਗਾ" (ਵੇਖੋ KJV); ਪਰ ਇੱਥੇ, ਆਇਤ 8 ਦੇ ਕਾਰਣ, "ਦੇਊਗਾ" ਬੇਹਤਰ ਅਰਥ ਦਿੰਦਾ ਹੈ। ਪੁਰਖੇ ਨੇ ਆਪਣੀ ਵਿਸ਼ਵਾਸਯੋਗ ਆਗਿਆਕਾਰੀ ਦੇ ਕਾਰਣ ਇਸ ਸਥਾਨ ਦਾ ਨਾਂ "ਅਬਰਾਹਾਮ ਨੇ ਆਗਿਆਕਾਰੀ ਕੀਤੀ" ਨਹੀਂ ਰੱਖਿਆ; ਇਸ ਦੀ ਬਜਾਇ, ਉਸ ਨੇ ਆਪਣੇ ਪੁੱਤਰ ਦੇ ਥਾਂ ਤੇ ਪ੍ਰਭੂ ਦੇ ਦੁਆਰਾ ਬਲੀਦਾਨ ਦੇ ਲਈ ਛੱਤ੍ਰਾ ਮੁਹੱਈਆ ਕਰਨ ਦੇ ਲਈ ਪਰਮੇਸ਼ੁਰ ਦਾ ਆਦਰ ਕੀਤਾ। ਇੱਕ ਹੋਰ ਵਿਸਥਾਰ ਨੂੰ ਜੋੜਦੇ ਹੋਏ, ਮੂਸਾ ਨੇ ਉਨ੍ਹਾਂ ਸਭਨਾਂ ਨੂੰ ਸੂਚਿਤ ਕੀਤਾ ਜੋ ਉਸ ਦੇ ਇਸ ਵਰਣਨ ਨੂੰ ਪੜ੍ਹਣਗੇ, **ਜਿਹੜਾ ਅੱਜ ਤੀਕ ਆਖੀਦਾ ਹੈ ਕਿ ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ।**

## ਪਰਮੇਸ਼ੁਰ ਦਾ ਪ੍ਰਤਿੱਗਿਆ ਨੂੰ ਮੁੜ ਨਵਾਂ ਕਰਨਾ (22:15-19)

**15ਫੇਰ ਯਹੋਵਾਹ ਦੇ ਦੂਤ ਨੇ ਅਕਾਸ਼ੋਂ ਅਬਰਾਹਾਮ ਨੂੰ ਦੂਜੀ ਵਾਰ ਸੱਦਿਆ। 16ਅਤੇ ਆਖਿਆ, ਮੈਂ ਆਪ ਆਪਣੀ ਸੌਂਹ ਖਾਧੀ ਹੈ ਯਹੋਵਾਹ ਦਾ ਵਾਕ ਹੈ ਕਿਉਂਜੋ ਤੈਂ ਇਹ ਕੰਮ ਕੀਤਾ ਅਤੇ ਆਪਣੇ ਪੁੱਤ੍ਰ ਸਗੋਂ ਆਪਣੇ ਇਕਲੌਤੇ ਦਾ ਵੀ ਸਰਫਾ ਨਹੀਂ ਕੀਤਾ। 17ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ**

**ਅੱਤ ਵਧਾਵਾਂਗਾ ਅਰ ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ। [18]ਅਤੇ ਤੇਰੀ ਅੰਸ ਵਿਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ ਕਿਉਂਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ। [19]ਤਾਂ ਅਬਰਾਹਾਮ ਆਪਣੇ ਜੁਆਣਾਂ ਕੋਲ ਮੁੜ ਆਇਆ ਅਤੇ ਓਹ ਉੱਠਕੇ ਬਏਰਸਬਾ ਨੂੰ ਇਕੱਠੇ ਚਲੇ ਆਏ ਅਰ ਅਬਰਾਹਾਮ ਬਏਰਸਬਾ ਵਿੱਚ ਆ ਟਿਕਿਆ।**

**ਆਇਤਾਂ 15, 16. ਅਕਾਸ਼ੋਂ** ਇੱਕ ਹੋਰ ਸੰਦੇਸ਼ ਆਇਆ। **ਯਹੋਵਾਹ ਦੇ ਦੂਤ** ਨੇ ਕਿਹਾ, **ਮੈਂ ਆਪ ਆਪਣੀ ਸੌਂਹ ਖਾਧੀ ਹੈ**, ਜਿਸ ਦਾ ਅਰਥ ਹੈ, ਯਹੋਵਾਹ ਦੇ ਵਿਸ਼ਵਾਸਯੋਗ ਚਰਿੱਤਰ ਤੇ ਆਧਾਰਤ ਹੋਣ ਦੇ ਨਾਤੇ **ਅਬਰਾਹਾਮ** ਦੇ ਲਈ ਇਸ ਸੌਂਹ ਦਾ ਖਾਸ ਪ੍ਰਭਾਵ ਅਤੇ ਮਹੱਤਵ ਸੀ (ਵੇਖੋ ਯਿਰਮਿਯਾਹ 22:5; 49:13; ਅਮੋਸ 4:2; 6:8; ਇਬਰਾਨੀਆਂ 6:13-18)। ਫਿਰ **ਯਹੋਵਾਹ** ਨੇ ਪੁਰਖੇ ਨੂੰ ਇਸ ਗੰਭੀਰ ਵਾਇਦੇ ਦਾ ਕਾਰਣ ਦੱਸਿਆ: ਇਹ ਇਸ ਲਈ ਸੀ **ਕਿਉਂਜੋ** [ਉਸ ਨੇ] **ਇਹ ਕੰਮ ਕੀਤਾ** – ਅਰਥਾਤ, ਉਸ ਨੇ ਆਗਿਆਕਾਰੀ ਵਿਸ਼ਵਾਸ ਨਾਲ ਕੰਮ ਕੀਤਾ, ਆਪਣੇ **ਪੁੱਤ੍ਰ**, ਸਗੋਂ ਆਪਣੇ **ਇਕਲੌਤੇ** [ਵਿਲੱਖਣ] **ਪੁੱਤ੍ਰ** ਦਾ ਵੀ ਸਰਫਾ **ਨਹੀਂ** ਕੀਤਾ ਸੀ ਜੋ ਉਸ ਨੇ ਸੋਚਿਆ ਉਹ ਉਸ ਦੇ ਆਪਣੇ ਹੱਥੋਂ ਇਸਹਾਕ ਦੀ ਮੌਤ ਸੀ।

**ਆਇਤ 17**. ਕਿਉਂਕਿ ਅਬਰਾਹਾਮ ਨੇ ਆਪਣੇ ਕੰਮਾਂ ਤੋਂ ਇਸ ਤਰ੍ਹਾਂ ਦੇ ਪਰਮ ਵਿਸ਼ਵਾਸ ਦਾ ਪ੍ਰਦਰਸ਼ਣ ਕੀਤਾ ਸੀ, ਇਸ ਲਈ ਪਰਮੇਸ਼ੁਰ ਨੇ ਉਨ੍ਹਾਂ ਪਹਿਲੇ ਵਾਇਦਿਆਂ ਨੂੰ ਦੁਹਰਾਇਆ ਜੋ ਉਸ ਨੇ ਉਸ ਦੇ ਨਾਲ ਕੀਤੇ ਸਨ। ਇਸ ਵਾਰ, ਪਰਮੇਸ਼ੁਰ ਦੇ ਅਪਿਵਰਤਿਤ ਚਰਿੱਤਰ ਦੇ ਦੁਆਰਾ ਗਰੰਟੀ ਦਿੱਤੀ ਗਈ ਸੀ। ਵਾਇਦਾ ਇਹ ਸੀ: **ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਅੱਤ ਵਧਾਵਾਂਗਾ।** ਪਿਛਲੇ ਪ੍ਰਸੰਗਾਂ ਦੇ ਸਮਾਨ, "ਬੀਜ" (זֶרַע, *ਜ਼ੇਰਾ*) ਇਬਰਾਨੀ ਵਿਚ ਇੱਕ ਇਕਵਚਨ ਸ਼ਬਦ ਹੈ; ਪਰ ਇਸ ਦੇ ਅਕਸਰ ਸਮੂਹਿਕ ਅਰਥ "ਉੱਤਰਾਧਿਕਾਰੀ" (NIV) ਜਾਂ "ਸੰਤਾਨ" (NRSV) ਹੁੰਦੇ ਹਨ, ਜਿਹੋ ਜਿਹਾ ਮਾਮਲਾ ਇੱਥੇ ਵੀ ਹੈ। "ਅਕਾਸ਼ ਦੇ ਤਾਰਿਆਂ" ਅਤੇ "ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ . . ." ਸਪੱਸ਼ਟ ਤੌਰ ਤੇ ਇੱਕ ਅਣਗਿਣਿਤ ਸੰਤਾਨ (13:16; 15:5; 26:4; 28:14; 32:12)।

ਇਹ ਵਾਇਦਾ ਕਿ ਪੁਰਖੇ ਦੀ ਸੰਤਾਨ **ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ** ਵਿਚ ਭਾਸ਼ਾ ਦੇ "ਸਿਨੇਡਿਕੀ" ਰੂਪ ਦਾ ਇਸਤੇਮਾਲ ਕੀਤਾ ਗਿਆ ਹੈ, ਜਿਸ ਵਿਚ ਇੱਕ ਹਿੱਸਾ (ਇੱਕ ਫਾਟਕ) ਸਾਰੇ (ਇੱਕ ਸ਼ਹਿਰ) ਨੂੰ ਦਰਸਾਉਣ ਦੇ ਲਈ ਵਰਤਿਆ ਗਿਆ ਹੈ।[12] ਇੱਕ ਸ਼ਹਿਰ ਨੂੰ ਜਿੱਤਣ ਦੀ ਕੁੰਜੀ ਸੀ ਕਿ ਇਸ ਦੇ ਫਾਟਕਾਂ ਨੂੰ ਅੱਗ ਦੇ ਦੁਆਰਾ ਸਾੜ ਕੇ ਜਾਂ ਟੱਕਰਾਂ ਮਾਰ ਮਾਰ ਕੇ ਤੋੜਣ ਦੁਆਰਾ ਨਾਸ ਕਰਨਾ ਸੀ। ਵਾਇਦੇ ਦੇ ਇਸ ਭਾਗ ਨੇ ਇਸਰਾਈਲੀਆਂ ਨੂੰ ਕਨਾਨ ਦੇਸ ਤੇ ਜਿੱਤ ਦੀ ਆਸ ਦੁਆਈ, ਜੋ ਯਹੋਸ਼ੁਆ ਦੇ ਦੁਆਰਾ ਸ਼ੁਰੂ ਹੋਈ ਪਰ ਰਾਜਾ ਦਾਊਦ ਦੇ ਰਾਜ ਤੱਕ ਪੂਰੀ ਨਹੀਂ ਹੋਈ ਸੀ।

**ਆਇਤ 18.** ਯਹੋਵਾਹ ਦੇ ਵਾਇਦੇ ਦਾ ਬਾਅਦ ਦਾ ਹਿੱਸਾ – ਕਿ ਅਬਰਾਹਾਮ ਦੀ **ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ** – ਜਦੋਂ ਤੱਕ ਯਿਸੂ ਮਸੀਹ, ਦਾਊਦ ਦਾ ਮਹਾਨ ਪੁੱਤਰ, ਇਸ ਦੁਨੀਆਂ ਵਿਚ ਨਹੀਂ ਆਇਆ, ਉਸ ਸਮੇਂ ਤੱਕ ਇਹ ਸੁੱਖ ਇਸ ਦੁਨੀਆਂ ਵਿਚ ਨਹੀਂ ਆਇਆ ਸੀ (ਮੱਤੀ 1:1-17)। ਯਿਸੂ ਮਸੀਹ ਦੀ ਮੌਤ ਅਤੇ ਜੀ ਉੱਠਣ ਤੋਂ ਬਾਅਦ ਹੀ, ਉਸ ਦਾ ਮਸੀਹ ਹੋਣਾ ਸਾਬਤ ਹੋਇਆ (ਰਸੂਲਾਂ ਦੇ ਕਰਤੱਬ 2:29-36; ਰੋਮੀਆਂ 1:1-4), ਕਿ ਵਾਇਦਾ ਕੀਤਾ ਗਿਆ "ਸੰਤਾਨ" ਦਾ ਸੰਕਲਪ ਉਨ੍ਹਾਂ ਸਾਰਿਆਂ ਲੋਕਾਂ ਨੂੰ ਸ਼ਾਮਲ ਕਰਨ ਦੇ ਲਈ ਵਿਆਪਕ ਹੋ ਗਿਆ ਹੈ ਜੋ ਵਿਸ਼ਵਾਸ ਅਤੇ ਬਪਤਿਸਮੇ ਦੇ ਦੁਆਰਾ ਮਸੀਹ ਵਿਚ ਇੱਕ ਹੋ

ਗਏ ਹਨ। ਹਰ ਦੇਸ ਦੇ, ਇਹੋ ਜਿਹੇ ਸਾਰੇ ਮਨ ਪਰਿਵਰਤਨ ਕੀਤੇ ਹੋਏ ਲੋਕਾਂ ਨੂੰ, ਅਬਰਾਹਾਮ ਦਾ "ਅੰਸ" (ਸੰਤਾਨ) ਅਤੇ ਵਾਇਦਿਆਂ ਦੇ ਅਨੁਸਾਰ "ਵਾਰਸ" ਦੇ ਰੂਪ ਵਿਚ ਗਿਣਿਆ ਜਾਂਦਾ ਹੈ (ਗਲਾਤੀਆਂ 3:8, 9, 26-29)। ਇਸ ਸਭ ਦਾ ਅਰਥ ਇਹ ਹੈ ਕਿ ਇਨ੍ਹਾਂ ਸਾਰਿਆਂ ਵਾਇਦਿਆਂ ਨੂੰ ਪੂਰਾ ਹੁੰਦਾ ਹੋਇਆ ਵੇਖਣ ਦੇ ਲਈ ਪੁਰਖੇ ਵੀ ਜ਼ਿੰਦਾ ਨਹੀਂ ਰਹੇ; ਉਸ ਨੇ ਵਿਸ਼ਵਾਸ ਵਿਚ ਬਣੇ ਰਹਿਣਾ ਜਾਰੀ ਰੱਖਿਆ ਕਿ ਯਹੋਵਾਹ, ਜਿਸ ਨੇ "ਆਪਣੀ ਸੌਂਹ ਖਾਧੀ ਹੈ" ਇੱਕ ਦਿਨ ਉਨ੍ਹਾਂ ਪੂਰਾ ਕਰੇਗਾ (ਇਬਰਾਨੀਆਂ 6:13, 14)।

ਪਰਮੇਸ਼ੁਰ ਨੇ ਕਿਹਾ ਕਿ ਉਹ ਅਬਰਾਹਾਮ ਦੀ ਅੰਸ (ਸੰਤਾਨ) ਦੁਆਰਾ ਧਰਤੀ ਦੇ ਸਾਰੇ ਰਾਸ਼ਟਰਾਂ ਨੂੰ ਬਰਕਤ ਦੇਵੇਗਾ **ਕਿਉਂਜੋ** [ਉਸ ਨੇ] [ਯਹੋਵਾਹ ਦੇ] **ਬੋਲ ਨੂੰ ਸੁਣਿਆ** ਸੀ। ਪਹਿਲਾਂ ਇਹ ਵਾਇਦੇ, ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਦੀ ਇੱਛਾ ਅਤੇ ਉਦੇਸ਼ਾਂ ਤੇ ਆਧਾਰਿਤ ਰਹੇ ਸਨ। ਇਸ ਬਿੰਦੂ ਤੋਂ ਅੱਗੇ, ਉਹ ਪਰਮੇਸ਼ੁਰ ਦੀ ਇੱਛਾ ਅਤੇ ਪੁਰਖੇ ਦੀ ਆਗਿਆਕਾਰੀ ਤੇ ਆਧਾਰਤ ਹੋਣਗੇ। ਅਬਰਾਹਾਮ ਅਤੇ ਉਤਪਤੀ ਦੇ ਵਿਵਰਣ ਤੋਂ ਇਲਾਵਾ, ਪੁਰਖੇ ਦੀ ਸੰਤਾਨ ਦੀ ਸਫਲਤਾ ਦੇ ਲਈ ਵੀ ਆਗਿਆਕਾਰੀ ਜ਼ਰੂਰੀ ਹੋਵੇਗੀ ਕਿਉਂਕਿ ਉਨ੍ਹਾਂ ਨੇ ਕਨਾਨ ਦੇਸ ਵਿਚ ਆਪਣੇ ਆਪ ਨੂੰ ਕਾਇਮ ਕਰਨ ਅਤੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ (ਬਿਵਸਥਾ ਸਾਰ 6:4-15; 11:13-17; 30:15-20)। ਅਬਰਾਹਾਮ ਦੇ ਇਸ ਅੰਤਿਮ ਪਰਤਾਵੇ ਦੇ ਦੌਰਾਨ – ਇਸਹਾਕ ਦੇ ਬਲੀਦਾਨ ਵੇਲੇ ਅਬਰਾਹਾਮ ਦਾ ਆਗਿਆਕਾਰੀ ਵਿਸ਼ਵਾਸ – ਸਾਰੇ ਵਿਸ਼ਵਾਸੀਆਂ ਦੇ ਲਈ ਪਰਤਾਵੇ ਦੇ ਕਿਸੇ ਵੀ ਸਮੇਂ ਪਾਲਣ ਕਰਨ ਦੇ ਲਈ ਇੱਕ ਉਦਾਹਰਣ ਹੈ।

**ਆਇਤ 19.** ਛੱਤ੍ਰੇ ਦੀ ਬਲੀ ਚੜ੍ਹਾਉਣ ਤੋਂ ਬਾਅਦ, **ਅਬਰਾਹਾਮ ਆਪਣੇ ਜੁਆਣਾਂ ਕੋਲ ਮੁੜ ਆਇਆ ਅਤੇ ਓਹ ਉੱਠਕੇ** [ਘਰ] **ਬਏਰਸਬਾ ਨੂੰ ਇਕੱਠੇ ਚਲੇ ਆਏ।** ਤੱਥ ਇਹ ਹੈ ਕਿ ਇਸ ਭਾਗ ਦੇ ਸੰਖੇਪ ਸਿੱਟੇ ਵਿਚ ਇਸ ਗੱਲ ਦਾ ਉਲੇਖ ਕੀਤਾ ਗਿਆ ਹੈ ਕਿ ਸਿਰਫ "ਅਬਰਾਹਾਮ" "ਆਪਣੇ ਜੁਆਣਾਂ ਕੋਲ ਮੁੜ ਆਇਆ" ਸਦੀਆਂ ਤੋਂ ਅਲੋਚਕਾਂ ਨੂੰ ਪਰੇਸ਼ਾਨ ਕਰਦਾ ਆਇਆ ਹੈ। ਇਸ ਵਾਕ ਵਿਚ ਇਸਹਾਕ ਦੀ ਗੈਰ ਮੌਜੂਦਗੀ ਨੂੰ ਸਮਝਾਉਣ ਦੇ ਲਈ ਰੱਬੀ ਲੋਕਾਂ ਨੇ ਬਹੁਤ ਸਾਰੀਆਂ ਕਲਪਿਤ ਕਹਾਣੀਆਂ ਦੀ ਵਰਤੋਂ ਕੀਤੀ ਹੈ। ਕੁਝ ਲੋਕਾਂ ਨੇ ਦਾਅਵਾ ਕੀਤਾ ਕਿ ਪੁਰਖੇ ਨੇ ਅਸਲ ਵਿਚ ਆਪਣੇ ਪੁੱਤਰ ਨੂੰ ਪਾਪ ਦੀ ਭੇਂਟ ਦੇ ਰੂਪ ਵਿਚ ਬਲੀਦਾਨ ਕਰ ਦਿੱਤਾ। ਦੂਸਰਿਆਂ ਨੇ ਸਿਖਾਇਆ ਕਿ ਅਬਰਾਹਾਮ ਨੇ ਉਸ ਨੂੰ ਮਾਰ ਦਿੱਤਾ ਸੀ। ਹੋਰਨਾਂ ਨੇ ਸਿਖਾਇਆ ਕਿ ਅਬਰਾਹਾਮ ਨੇ ਉਸ ਨੂੰ ਮਾਰ ਦਿੱਤਾ, ਪ੍ਰਭੂ ਨੇ ਉਸ ਨੂੰ ਮੁਰਦਿਆਂ ਵਿਚ ਜਿਵਾਇਆ, ਅਤੇ ਸਵਰਗਦੂਤ ਉਸ ਨੂੰ ਸਵਰਗ ਵਿਚ ਲੈ ਗਏ। ਇਸ ਤੋਂ ਇਲਾਵਾ, ਕਈ ਹੋਰ ਅਟਕਲਾਂ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਕਿ "ਇਸਹਾਕ ਕਿੱਥੇ ਗਿਆ?"

ਇਸ ਭਾਗ ਦੇ ਅਖੀਰ ਵਿਚ ਇਸਹਾਕ ਕਿਉਂ ਨਹੀਂ ਦਿਖ ਰਿਹਾ, ਇਹ ਸਪੱਸ਼ਟ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਦੋ ਮੁੱਖ ਕਾਰਣਾਂ ਤੋਂ ਅਨੁਚਿਤ ਹਨ। ਸਭ ਤੋਂ ਪਹਿਲਾਂ, ਬਿਰਤਾਂਤ ਦੇ ਅਖੀਰ ਵਿਚ ਇਸਹਾਕ ਦੀ ਗੈਰ ਮੌਜੂਦਗੀ ਕਹਾਣੀ ਦੇ ਸ਼ੁਰੂ ਵਿਚ ਸਾਰਾਹ ਦੀ ਗੈਰ-ਹਾਜ਼ਰੀ ਦੇ ਸਮਾਂਤਰ ਹੈ। ਸਪੱਸ਼ਟ ਤੌਰ ਤੇ, ਲੇਖਕ ਦਾ ਇਹ ਇਰਾਦਾ ਨਹੀਂ ਸੀ ਕਿ ਉਹ ਅਬਰਾਹਾਮ ਅਤੇ ਇਸਹਾਕ ਦੀ ਮੋਰੀਆਹ ਪਹਾੜ ਦੀ ਯਾਤਰਾ ਤੋਂ ਪਹਿਲਾਂ ਸਾਰਾਹ ਦੀਆਂ ਭਾਵਨਾਵਾਂ, ਵਿਚਾਰਾਂ ਜਾਂ ਸ਼ਬਦਾਂ ਨੂੰ ਪਰਗਟ ਕਰੇ। ਨਾ ਹੀ ਉਸ ਨੇ ਸਖਤ ਪਰਤਾਵੇ ਤੋਂ ਬਚ ਕੇ ਵਾਪਸ ਆਉਣ ਤੋਂ ਬਾਅਦ ਉਸ ਦੇ ਪੁੱਤਰ ਦੀਆਂ ਭਾਵਨਾਵਾਂ ਨੂੰ ਸਾਂਭ ਕੇ ਰੱਖਣਾ ਹੀ ਇੰਨਾ ਮਹੱਤਵਪੂਰਣ ਸਮਝਿਆ।

ਦੂਸਰਾ, ਇਸ ਕਹਾਣੀ ਦੇ ਅੰਤ ਵਿਚ ਇਸਹਾਕ ਦੀ ਗੈਰ ਹਾਜ਼ਰੀ ਬਾਰੇ ਸੱਟੇਬਾਜ਼ੀ ਨੇ ਪਾਠਕ ਦੇ ਧਿਆਨ ਨੂੰ ਇਸ ਦੇ ਕੇਂਦਰ ਬਿੰਦੂ ਤੋਂ ਹਟਾ ਦਿੱਤਾ ਹੈ। ਇਸ ਬਿਰਤਾਂਤ ਦਾ ਉਦੇਸ਼

ਇਸਹਾਕ ਦੇ ਮਨ ਦੀਆਂ ਗੱਲਾਂ ਨੂੰ ਰਿਕਾਰਡ ਕਰਨਾ ਨਹੀਂ ਸੀ ਜਾਂ ਨਾ ਹੀ ਇਹ ਰਿਕਾਰਡ ਕਰਨਾ ਕਿ ਜਦੋਂ ਉਹ ਅਤੇ ਉਸ ਦਾ ਪਿਤਾ ਬਏਰਸਬਾ ਨੂੰ ਵਾਪਸ ਪਰਤੇ ਤਾਂ ਉਸ ਨੇ ਕੀ ਕਿਹਾ ਹੋ ਸਕਦਾ ਹੈ। ਇਸ ਦੀ ਬਜਾਇ, ਕਹਾਣੀ ਦਾ ਉਦੇਸ਼ ਉਸ ਵਿਸ਼ਵਾਸ ਨੂੰ ਉਜਾਗਰ ਕਰਨਾ ਸੀ ਜਿਸ ਦੇ ਦੁਆਰਾ ਅਬਰਾਹਾਮ ਨੇ ਇਸ ਲਗਭਗ ਅਸੰਭਵ ਪਰਤਾਵੇ ਨੂੰ ਪਾਰ ਕਰ ਲਿਆ ਸੀ ਜੋ ਯਹੋਵਾਹ ਨੇ ਉਸ ਉੱਤੇ ਪਾਇਆ ਸੀ: ਕਿ ਉਹ ਆਪਣੇ ਪੁੱਤਰ ਇਸਹਾਕ ਨੂੰ ਮਾਰੇ, ਜੋ ਵਾਇਦੇ ਦੀ ਸੰਤਾਨ ਸੀ। ਇਹ ਬਿਰਤਾਂਤ ਸਾਨੂੰ ਪਰਮੇਸ਼ੁਰ ਦੇ ਪ੍ਰਤਿ ਉਸ ਦੇ ਸੰਪੂਰਣ ਵਿਸ਼ਵਾਸ ਅਤੇ ਬਿਨਾਂ ਪ੍ਰਸ਼ਨ ਪੁੱਛੇ ਆਗਿਆਕਾਰੀ ਦੇ ਵਿਸ਼ੇ ਵਿਚ ਸਿਖਾਉਂਦਾ ਹੈ, ਜਿਸ ਨੇ ਉਸ ਨੂੰ ਭਵਿੱਖ ਵਿਚ ਹੋਣ ਵਾਲੇ ਸਾਰੇ ਵਿਸ਼ਵਾਸੀਆਂ ਦਾ ਪਿਤਾ ਬਣਨ ਦੇ ਯੋਗ ਬਣਾਇਆ। ਉਹ ਲੋਕ ਜੋ ਵਿਸ਼ਵਾਸ ਕਰਦੇ ਹਨ ਉਹ ਉਸ ਦੀ ਆਤਮਿਕ ਸੰਤਾਨ ਬਣ ਜਾਂਦੇ ਹਨ।

## ਅਬਰਾਹਾਮ ਦੇ ਪਰਿਵਾਰ ਦੀ ਖ਼ਬਰ ਆਉਣਾ (22:20-24)

**[20]ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਅਬਰਾਹਾਮ ਨੂੰ ਦੱਸਿਆ ਗਿਆ ਕਿ ਵੇਖ ਮਿਲਕਾਹ ਵੀ ਤੇਰੇ ਭਰਾ ਨਾਹੋਰ ਲਈ ਪੁੱਤ੍ਰਾਂ ਨੂੰ ਜਣੀ ਹੈ। [21]ਅਰਥਾਤ ਊਸ ਉਹ ਦਾ ਪਲੌਠੀ ਦਾ ਅਤੇ ਉਸ ਦਾ ਭਰਾ ਬੂਜ਼ ਅਤੇ ਕਮੂਏਲ ਅਰਾਮ ਦਾ ਪਿਤਾ। [22]ਅਤੇ ਕਸਦ ਅਰ ਹਜ਼ੋ ਅਰ ਪਿਲਦਾਸ ਅਰ ਯਿਦਲਾਫ ਅਰ ਬਥੂਏਲ। [23]ਅਰ ਬਥੂਏਲ ਦੇ ਰਿਬਕਾਹ ਜੰਮੀ। ਇਹ ਅੱਠ ਮਿਲਕਾਹ ਅਬਰਾਹਾਮ ਦੇ ਭਰਾ ਨਾਹੋਰ ਤੋਂ ਜਣੀ। [24]ਅਤੇ ਉਹ ਦੀ ਧਰੇਲ ਜਿਸ ਦਾ ਨਾਉਂ ਰੂਮਾਹ ਸੀ ਉਹ ਵੀ ਤਬਹ ਅਰ ਗਹਮ ਅਰ ਤਹਸ਼ ਅਰ ਮਾਕਾਹ ਨੂੰ ਜਣੀ।**

ਅਬਰਾਹਾਮ ਦੇ ਪਿਤਾ, ਤਾਰਹ ਦੇ ਦੋ ਹੋਰ ਪੁੱਤਰ ਸਨ: ਪਰਿਵਾਰ ਦੇ ਦੁਆਰਾ ਕਨਾਨ ਜਾਣ ਦੇ ਲਈ ਨਿਕਲਣ ਤੋਂ ਪਹਿਲਾਂ ਊਰ ਵਿਚ ਹਾਰਾਨ ਦੀ ਮੌਤ ਹੋ ਗਈ (11:27, 28)। ਉਤਪਤ ਦੀ ਪੁਸਤਕ ਦੇ ਲੇਖਕ ਨੇ ਹਾਰਾਨ ਦੇ ਪੁੱਤਰ ਲੂਤ ਦੀ ਕੁਝ ਕਹਾਣੀ ਅਧਿਆਇ 12 ਤੋਂ 19 ਦੇ ਵਿਚ ਸ਼ਾਮਲ ਕੀਤੀ ਸੀ। ਪਰ, ਇੱਕ ਪਲ ਦੇ ਲਈ, ਉਸ ਨੇ ਪਾਠਕ੍ਰਮ ਨੂੰ ਉਲਟਾ ਕਰ ਦਿੱਤਾ ਅਤੇ ਨਾਹੋਰ ਤੇ ਪਰਤ ਆਇਆ ਤਾਂ ਕਿ ਉਸ ਦੀ ਪੋਤਰੀ ਰਿਬਕਾਹ ਦੇ ਵਿਸ਼ੇ ਵਿਚ ਜਾਣਕਾਰੀ ਦੇਵੇ, ਜੋ ਬਾਅਦ ਵਿਚ ਇਸਹਾਕ ਨੂੰ ਮਿਲੇਗੀ ਅਤੇ ਉਸ ਦੇ ਨਾਲ ਵਿਆਹੀ ਜਾਵੇਗੀ (ਅਧਿਆਇ 24)।

**ਆਇਤ 20.** ਅਬਰਾਹਾਮ ਦੇ **ਭਰਾ ਨਾਹੋਰ** ਦੇ ਵਿਸ਼ੇ ਵਿਚ ਖਬਰ ਇਸਹਾਕ ਦੇ ਬਲੀਦਾਨ ਤੋਂ ਕਈ ਹਫ਼ਤਿਆਂ ਦੀ ਬਜਾਇ, ਕਈ ਸਾਲਾਂ ਦੇ ਬਾਅਦ ਵਿਚ ਆਈ ਹੋ ਸਕਦੀ ਹੈ। ਹਾਰਾਨ ਵਿਚ ਆਪਣੇ ਭਰਾ ਦੇ ਪਰਿਵਾਰ ਦੇ ਵਿਸ਼ੇ ਵਿਚ ਸ਼ਾਇਦ ਕਿਸੇ ਗੁਜ਼ਰਣ ਵਾਲੇ ਕਾਰਵਾਂ ਦੇ ਦੁਆਰਾ ਸੂਚਨਾ ਮਿਲਣ ਤੋਂ ਪਹਿਲਾਂ **ਏਹਨਾਂ ਗੱਲਾਂ ਦੇ ਪਿੱਛੋਂ** ਦਾ ਪਰਗਟਾਵਾ ਇੱਕ ਅਨਿਸ਼ਚਤ ਸਮੇਂ ਕਾਲ ਦੇ ਵਿਸ਼ੇ ਦਾ ਪ੍ਰਤੀਕ ਹੈ। ਅਬਰਾਹਾਮ ਦੇ ਲਈ ਇਹ ਸੁਣਨਾ ਇੱਕ ਹੈਰਾਨੀ ਨਾਲ ਭਰੀ ਹੋਈ ਗੱਲ ਪ੍ਰਤੀਕ ਹੁੰਦੀ ਹੈ ਕਿ **ਮਿਲਕਾਹ**, ਜੋ ਹਾਰਾਨ ਦੀ ਬੇਟੀ (11:29), ਅਬਰਾਹਾਮ ਦੇ ਭਰਾ ਨਾਹੋਰ ਲਈ **ਪੁੱਤ੍ਰਾਂ ਨੂੰ ਜਣੀ ਹੈ**। ਸਪੱਸ਼ਟ ਤੌਰ ਤੇ, ਜਦੋਂ ਉਹ ਹਾਰਾਨ ਤੋਂ ਵੱਖਰੇ ਹੋਏ ਤਾਂ ਉਸ ਸਮੇਂ ਦੋਵਾਂ ਭਰਾਵਾਂ ਵਿਚੋਂ ਕਿਸੇ ਦੇ ਵੀ ਬੱਚੇ ਨਹੀਂ ਸਨ; ਪਰ ਬਾਅਦ ਦੇ ਸਾਲਾਂ ਵਿਚ, ਦੋਵੇਂ ਪਿਤਾ ਬਣ ਗਏ ਸਨ। ਇਹ ਸੰਭਵ ਹੋ ਕਿ ਮਿਲਕਾਹ ਸਾਰਾਹ ਤੋਂ ਬਹੁਤ ਛੋਟੀ ਸੀ। ਉਸ ਦੇ ਅੱਠ ਪੁੱਤਰ ਸਨ, ਜਦਕਿ ਸਾਰਾਹ ਦੇ ਸਿਰਫ ਇੱਕੋ ਇੱਕ ਪੁੱਤਰ ਸੀ।

**ਆਇਤਾਂ 21, 22. ਊਸ** ਮਿਲਕਾਹ ਦਾ **ਪਲੌਠੀ ਦਾ ਪੁੱਤਰ ਸੀ**। ਉਸ ਨੂੰ ਦੇਸ਼ਾਂ ਦੀ ਸੂਚੀ ਵਿਚ "ਊਸ" ਨਾਂ ਦੇ ਵਿਅਕਤੀ ਦੇ ਕਾਰਣ ਉਲਝਣ ਵਿਚ ਨਹੀਂ ਪੈਣਾ ਚਾਹੀਦਾ ਹੈ, ਜੋ ਅਰਾਮ ਦੀ

ਇੱਕ ਸੰਤਾਨ ਸੀ। ਪੁਰਾਣੇ ਨੇਮ ਵਿਚ ਵੀ ਊਸ ਨੂੰ ਸਥਾਨ ਦੇ ਨਾਂ ਤੇ ਇਸਤੇਮਾਲ ਕੀਤਾ ਗਿਆ ਹੈ (ਵੇਖੋ ਟਿੱਪਣੀਆਂ 10:23)।

**ਬੂਜ਼** ਜਿਸ ਦਾ ਵਰਣਨ ਇੱਥੇ ਕੀਤਾ ਗਿਆ ਹੈ ਉਹ ਯਾਕੂਬ ਦੇ ਪੁੱਤਰ ਗਾਦ, ਦੀ ਸੰਤਾਨ ਨਹੀਂ ਹੈ (1 ਇਤਹਾਸ 5:11, 14)। ਇਹ ਨਾਮ ਇੱਕ ਸਥਾਨ ਦੇ ਹਵਾਲੇ ਵਿਚ ਵੀ ਆਉਂਦਾ ਹੈ। ਅਲੀਹੂ, ਜਿਸ ਨੇ ਅੱਯੂਬ ਨੂੰ ਸਲਾਹ ਦਿੱਤੀ ਸੀ, ਬੂਜ਼ ਤੋਂ ਆਇਆ ਸੀ (ਅੱਯੂਬ 32:2), ਜਿਸ ਨੂੰ ਯਿਰਮਿਯਾਹ ਨੇ ਦਦਾਨ, ਤੇਮਾ ਦੇ ਨਾਲ ਜੋੜਿਆ (ਯਿਰਮਿਯਾਹ 25:23)।

**ਕਮੂਏਲ** ਉਹੀ ਨਾਮ ਹੈ ਜੋ ਗਿਣਤੀ 34:24 ਵਿਚ ਅਤੇ 1 ਇਤਹਾਸ 27:17 ਵਿਚ ਕੁਝ ਅਸੰਬੰਧਤ ਵਿਅਕਤੀਆਂ ਨੂੰ ਦਿੱਤਾ ਗਿਆ ਹੈ। ਉਸ ਦੇ ਵਿਸ਼ੇ ਵਿਚ ਇਸ ਤੋਂ ਵੱਧ ਹੋਰ ਕੁਝ ਵੀ ਪਤਾ ਨਹੀਂ ਹੈ, ਕਿ ਉਹ **ਅਰਾਮ ਦਾ ਪਿਤਾ** ਸੀ, ਜੋ 10:22 ਵਿਚ ਸ਼ੇਮ ਦੀ ਅੰਸ ਵਿੱਚੋਂ ਇੱਕ ਵੱਖਰਾ ਆਦਮੀ ਸੀ। ਪਰ, ਅਰਾਮ ਦਾ ਨਾਮ ਅਰਾਮੀ ਸੰਬੰਧ ਦਾ ਸੁਝਾਅ ਦਿੰਦਾ ਹੈ ਜੋ ਹਾਰਾਨ ਵਿਚ ਨਾਹੋਰ ਦੇ ਇੱਕ ਕਬੀਲੇ ਦੇ ਲਈ ਉਚਿਤ ਹੋਵੇਗਾ।

**ਕਸਦ** ਇੱਕ ਅਜਿਹਾ ਨਾਮ ਹੈ ਜੋ ਪੁਰਾਣੇ ਨੇਮ ਵਿਚ ਹੋਰ ਕਿਤੇ ਵੀ ਦਿਖਾਈ ਨਹੀਂ ਦਿੰਦਾ ਹੈ। ਇਹ ਧੁਨੀਆਤਮਿਕ ਤੌਰ ਤੇ ਕਸਦੀਆਂ ਨਾਲ ਜੋੜ ਦਿੱਤਾ ਗਿਆ ਹੈ, ਜਿੰਨਾ ਨੇ ਸੱਤਵੀਂ ਸਦੀ ਦੀ ਸ਼ੁਰੂਆਤ ਵਿਚ ਨਬੂਕੱਦਨਸਰ ਅਧੀਨ ਬਾਬੁਲ ਸਾਮਰਾਜ ਦੀ ਸਥਾਪਨਾ ਕੀਤੀ ਸੀ। ਹਾਜ਼ੋ, **ਪਿਲਦਾਸ**, ਅਤੇ **ਯਿਦਲਾਫ** ਦਾ ਉਲੇਖ ਪੁਰਾਣੇ ਸਾਹਿਤ ਵਿਚ ਸਿਰਫ ਇੱਥੇ ਹੀ ਹੋਇਆ ਹੈ।

**ਬਥੂਏਲ** ਨੂੰ ਉਨ੍ਹਾਂ ਅੱਠਾਂ ਪੁੱਤਰਾਂ ਦੀ ਸੂਚੀ ਵਿਚ ਸਭ ਤੋਂ ਅਖੀਰ ਵਿਚ ਸੂਚੀਬੱਧ ਕੀਤਾ ਗਿਆ ਹੈ ਜਿਨ੍ਹਾਂ ਨੂੰ ਮਿਲਕਾਹ ਨੇ ਨਾਹੋਰ ਦੇ ਲਈ ਪੈਦਾ ਕੀਤਾ ਸੀ। ਉਸ ਦੇ ਨਾਮ ਦਾ ਅਰਥ ਸ਼ਾਇਦ "ਪਰਮੇਸ਼ੁਰ ਵਿਚ ਰਹਿਣ ਵਾਲਾ" ਜਾਂ "ਮਨੁੱਖ ਦਾ ਪੁੱਤਰ"[13] ਦੇ ਬਰਾਬਰ ਹੋ ਸਕਦਾ ਹੈ। 25:20 ਵਿਚ, ਬਥੂਏਲ ਦੀ ਪਹਿਚਾਣ ਇੱਕ "ਅਰਾਮੀ" ਦੇ ਰੂਪ ਵਿਚ ਦਿੱਤੀ ਗਈ ਹੈ ਜੋ (ਉੱਤਰ ਪੱਛਮੀ ਮਸੋਪੋਟਾਮੀਆ) ਦੇ ਪਦਨ ਅਰਾਮ ਵਿਚ ਰਹਿੰਦਾ ਸੀ।

**ਆਇਤ 23. ਬਥੂਏਲ** ਤੋਂ **ਰਿਬਕਾਹ** ਅਤੇ ਲਾਬਾਨ ਜੰਮੇ (24:15, 47; 28:5)। ਲਿਖਤ ਵਿਚ ਰਿਬਕਾਹ ਦਾ ਜ਼ਿਕਰ ਨਾਹੋਰ ਦੀ ਇੱਕਮਾਤਰ ਇਸਤਰੀ ਸੰਤਾਨ ਦੇ ਰੂਪ ਵਿਚ ਕੀਤਾ ਗਿਆ ਹੈ। ਰਿਬਕਾਹ ਦੀ ਪਹਿਚਾਣ ਪਾਠਕ ਨੂੰ ਅਧਿਆਇ 24 ਵਿਚ ਇਸਹਾਕ ਦੇ ਨਾਲ ਉਸ ਦੇ ਵਿਆਹ ਦੇ ਲਈ ਤਿਆਰ ਕਰਦੀ ਹੈ।

**ਆਇਤ 24.** ਆਪਣੇ ਭਰਾ ਅਬਰਾਹਾਮ ਦੇ ਵਾਂਗ, ਨਾਹੋਰ ਦੀ ਵੀ ਇੱਕ **ਧਰੇਲ** ਸੀ; ਜਿਸ ਦਾ **ਨਾਮ ਰੂਮਾਹ ਸੀ**। ਇੱਕ ਧਰੇਲ ਇੱਕ ਗੁਲਾਮ ਇਸਤਰੀ ਹੁੰਦੀ ਸੀ, ਜੋ ਉਪ ਪਤਨੀ ਬਣ ਜਾਂਦੀ ਸੀ, ਜਿਸ ਦੇ ਕਾਨੂੰਨੀ ਅਧਿਕਾਰ ਆਮ ਪਤਨੀ ਨਾਲੋਂ ਘੱਟ ਹੁੰਦੇ ਸਨ (ਵੇਖੋ ਟਿੱਪਣੀਆਂ 16:3)। ਪਰ, ਆਪਣੇ ਪਤੀ ਦੇ ਪਰਿਵਾਰ ਦਾ ਹਿੱਸਾ ਹੋਣ ਦੇ ਨਾਤੇ, ਉਸ ਦੇ ਪੁੱਤਰਾਂ ਨੂੰ ਵੀ ਉਨ੍ਹਾਂ ਦੇ ਪਿਤਾ ਦੀ ਜਾਇਦਾਦ ਵਿਚੋਂ ਹਿੱਸਾ ਪ੍ਰਾਪਤ ਹੁੰਦਾ ਸੀ।[14] ਰੂਮਾਹ ਨੇ ਚਾਰ ਪੁੱਤਰਾਂ ਨੂੰ ਜਨਮ ਦਿੱਤਾ: **ਤਬਹ ਅਰ ਗਹਮ ਅਰ ਤਹਸ਼ ਅਰ ਮਾਕਾਹ**। ਉਨ੍ਹਾਂ ਦੇ ਵਿਸ਼ੇ ਵਿਚ ਬਹੁਤ ਘੱਟ ਜਾਣਕਾਰੀ ਹੈ, ਪਰ ਉਨ੍ਹਾਂ ਦੇ ਨਾਮ ਆਧੁਨਿਕ ਲਬਾਨੋਨ ਅਤੇ ਸੀਰੀਯਾ ਦੀਆਂ ਕਈ ਜਗਾਵਾਂ ਦੇ ਨਾਲ ਜੁੜੇ ਹੋਏ ਹਨ।[15] ਕੁਲ ਮਿਲਾ ਕੇ, ਨਾਹੋਰ ਦੇ ਬਾਰਾਂ ਪੁੱਤਰ ਸਨ – ਅੱਠ ਉਸ ਦੀ ਪਤਨੀ ਮਿਲਕਾਹ ਤੋਂ ਅਤੇ ਚਾਰ ਉਸ ਦੀ ਧਰੇਲ ਰੂਮਾਹ ਤੋਂ ਪੈਦਾ ਹੋਏ ਸਨ।

# ਪ੍ਰਾਸੰਗਿਕਤਾ

**ਅਬਰਾਹਾਮ ਦਾ ਵਿਸ਼ਵਾਸ (ਅਧਿਆਇ 12–22)**

ਉਸ ਸਮੇਂ ਤੋਂ ਜਦੋਂ ਅਬਰਾਹਾਮ ਨੂੰ ਕਸਦੀਆਂ ਦੇ ਊਰ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਛੱਡ ਕੇ ਕਨਾਨ ਦੇਸ ਵਿਚ ਜਾਣ ਲਈ ਬੁਲਾਇਆ ਗਿਆ ਸੀ, ਜਿਉਂ ਜਿਉਂ ਉਸ ਨੇ ਪਰਮੇਸ਼ੁਰ ਦੀ ਗੱਲ ਨੂੰ ਸੁਣਿਆ ਅਤੇ ਉਸ ਦੀ ਆਗਿਆਕਾਰੀ ਕੀਤੀ ਤਿਉਂ ਤਿਉਂ ਉਸ ਨੇ ਵਿਸ਼ਵਾਸ ਵਿਚ ਵੱਧਣਾ ਸ਼ੁਰੂ ਕੀਤਾ।

ਵਾਇਦੇ ਦੀ ਧਰਤੀ ਵਿਚ ਆਏ ਹੋਏ ਉਨ੍ਹਾਂ ਨੂੰ ਥੋੜਾ ਸਮਾਂ ਹੀ ਹੋਇਆ ਸੀ ਕਿ, ਸੋਕੇ ਦੇ ਕਾਰਣ ਉਨ੍ਹਾਂ ਨੂੰ ਮਿਸਰ ਵਿਚ ਜਾਣਾ ਪਿਆ। ਉੱਥੇ ਉਸ ਨੇ ਆਪਣੀ ਪਤਨੀ ਦੇ ਬਾਰੇ ਫ਼ਿਰਾਊਨ ਨੂੰ ਝੂਠ ਬੋਲਿਆ ਅਤੇ ਇਹ ਦਾਅਵਾ ਕੀਤਾ ਕਿ ਉਹ ਉਸ ਦੀ ਭੈਣ ਸੀ (12:10-20)। ਕਈ ਸਾਲਾਂ ਦੇ ਬਾਅਦ, ਉਸ ਨੇ ਗਰਾਰ ਦੇ ਰਾਜੇ ਦੇ ਨਾਲ ਵੀ ਉਹੀ ਕੀਤਾ (20:1-18)। ਇੱਕ ਬਿੰਦੂ ਤੇ, ਉਸ ਨੇ ਕੁਦਰਤ ਦੇ ਦੁਆਰਾ ਜਨਮੇ ਪੁੱਤਰ ਦੀ ਆਸ ਛੱਡ ਦਿੱਤੀ ਅਤੇ ਆਪਣੇ ਨੌਕਰ ਅਲੀਅਜ਼ਰ ਨੂੰ ਆਪਣੇ ਵਾਰਸ ਦੇ ਰੂਪ ਵਿਚ ਅਪਨਾਉਣ ਦੀ ਕੋਸ਼ਿਸ਼ ਕੀਤੀ (15:1-4)। ਫਿਰ ਉਸ ਨੇ ਸਾਰਾਹ ਦੀ ਸਲਾਹ ਨੂੰ ਸੁਣਿਆ ਅਤੇ ਹਾਜਰਾ ਨੂੰ ਇੱਕ ਦਾਸ-ਪਤਨੀ ਦੇ ਰੂਪ ਵਿਚ ਲੈ ਲਿਆ, ਤਾਂ ਕਿ ਉਸ ਦੇ ਦੁਆਰਾ ਇੱਕ ਪੁੱਤਰ ਨੂੰ ਪ੍ਰਾਪਤ ਕਰੇ (16:1-4)। ਇਸਮਾਏਲ ਦੇ ਪੈਦਾ ਹੋਣ ਤੋਂ ਬਾਅਦ, ਉਸ ਨੇ ਪਰਮੇਸ਼ੁਰ ਦੇ ਸਾਹਮਣੇ ਬੇਨਤੀ ਕੀਤੀ ਕਿ ਉਹ ਉਸ ਨੂੰ ਵਾਇਦਾ ਕੀਤੇ ਹੋਏ ਬੱਚੇ ਦੇ ਰੂਪ ਵਿਚ ਗ੍ਰਹਿਣ ਕਰ ਸਕਦਾ ਹੈ। ਇੱਕ ਬਜ਼ੁਰਗ ਆਦਮੀ ਹੋਣ ਦੇ ਨਾਤੇ, ਜਦੋਂ ਪ੍ਰਭੂ ਨੇ ਉਸ ਨੂੰ ਦੱਸਿਆ ਕਿ ਉਸ ਦੇ ਅਤੇ ਸਾਰਾਹ ਦੇ ਘਰ ਇੱਕ ਪੁੱਤਰ ਹੋਵੇਗਾ, ਤਾਂ ਉਹ ਅਵਿਸ਼ਵਾਸ ਦੇ ਕਾਰਣ ਹੱਸ ਪਿਆ (17:1, 15-19)।

ਕਈ ਵਾਰ, ਪੁਰਖੇ ਦਾ ਵਿਸ਼ਵਾਸ ਡੋਲ ਜਾਂਦਾ ਸੀ, ਅਤੇ ਉਸ ਦੀ ਆਗਿਆਕਾਰੀ ਬਿਲਕੁਲ ਸਿੱਧ ਨਹੀਂ ਹੁੰਦੀ ਸੀ। ਪਰ, ਅਬਰਾਹਾਮ ਦੇ ਤਜ਼ਰਬਿਆਂ ਦੇ ਦੌਰਾਨ, ਪਰਮੇਸ਼ੁਰ ਉਸ ਨੂੰ ਸਾਕਾਰਾਤਮਕ ਤੌਰ ਤੇ ਸੋਨੇ, ਚਾਂਦੀ, ਵੱਗਾਂ ਅਤੇ ਭੇਡਾਂ ਬੱਕਰੀਆਂ ਦੇ ਨਾਲ ਬਰਕਤ ਦੇਣ ਦੇ ਲਈ ਵਿਸ਼ਵਾਸਯੋਗ ਸੀ। ਜਦੋਂ ਪੁਰਖੇ ਦਾ ਵਿਸ਼ਵਾਸ ਕਮਜ਼ੋਰ ਸੀ, ਤਾਂ ਪ੍ਰਭੂ ਨੇ ਉਨ੍ਹਾਂ ਵਾਇਦਿਆਂ ਨੂੰ ਦੁਹਰਾਇਆ ਜੋ ਉਸਨੇ ਉਸ ਦੇ ਨਾਲ ਊਰ ਅਤੇ ਬਾਅਦ ਵਿਚ ਹਾਰਾਨ ਵਿਚ ਕੀਤੇ ਸਨ।

ਯਹੋਵਾਹ ਹਮੇਸ਼ਾ ਅਬਰਾਹਾਮ ਤੇ ਵਿਸ਼ਵਾਸ ਕੀਤਾ, ਇੱਥੋਂ ਤੱਕ ਕਿ ਉਸ ਸਮੇਂ ਵੀ ਜਦੋਂ ਇੰਝ ਜਾਪਦਾ ਸੀ ਕਿ ਪੁਰਖੇ ਨੂੰ ਆਪਣੇ ਆਪ ਤੇ ਵੀ ਵਿਸ਼ਵਾਸ ਨਹੀਂ ਰਿਹਾ ਸੀ। ਅਬਰਾਹਾਮ ਦੇ ਲੋਕਾਂ ਦੇ ਦੁਆਰਾ ਪੂਰਬ ਦੇ ਚਾਰ ਰਾਜਿਆਂ ਦੇ ਹਰਾਏ ਜਾਣ ਤੋਂ ਬਾਅਦ (14:8-16), ਪਰਮੇਸ਼ੁਰ ਨੇ ਆਪਣੇ ਡਰੇ ਹੋਏ ਦਾਸ ਨੂੰ ਕਿਹਾ, "ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ" (15:1)। ਜਦੋਂ ਅਬਰਾਹਾਮ ਨੜ੍ਹਿੰਨਵੇਂ ਸਾਲਾਂ ਦਾ ਅਤੇ ਸਾਰਾਹ ਉਨਾਨਵੇਂ ਸਾਲਾਂ ਦੀ ਸੀ, ਤਾਂ ਪਰਮੇਸ਼ੁਰ ਨੇ ਇਸ ਗੱਲ ਨੂੰ ਪਰਗਟ ਕਰਦੇ ਹੋਏ ਕਿ ਉਨ੍ਹਾਂ ਦੇ ਘਰ ਇੱਕ ਪੁੱਤਰ ਹੋਵੇਗਾ, ਆਪਣੇ ਨੇਮ ਦੇ ਵਾਇਦਿਆਂ ਨੂੰ ਦੁਹਰਾਇਆ। ਪਰਮੇਸ਼ੁਰ ਨੇ ਆਪਣੇ ਆਪ ਨੂੰ *ਐੱਲ ਸ਼ਦਾਈ, ਜਾਂ* "ਸਰਵਸ਼ਕਤੀਮਾਨ ਪਰਮੇਸ਼ੁਰ" ਦੇ ਰੂਪ ਵਿਚ ਪੇਸ਼ ਕੀਤਾ (17:1-8, 15-19)। ਬਾਅਦ ਵਿਚ, ਯਹੋਵਾਹ ਨੇ ਵਾਇਦਾ ਕੀਤਾ ਕਿ ਅਬਰਾਹਾਮ ਅਤੇ ਸਾਰਾਹ ਦੇ ਘਰ ਇੱਕ ਪੁੱਤਰ ਹੋਵੇਗਾ (18:10)। ਉਹ, ਵੀ, ਅਵਿਸ਼ਵਾਸ ਦੇ ਕਾਰਣ ਹੱਸੀ। ਪਰਮੇਸ਼ੁਰ ਨੇ ਇਹ ਸੰਕੇਤ ਦਿੰਦੇ ਹੋਏ, ਵਾਇਦੇ ਨੂੰ ਦੁਹਰਾਇਆ ਕਿ ਉਹ ਪੁੱਤਰ ਅਗਲੇ ਸਾਲ ਪੈਦਾ ਹੋਵੇਗਾ। ਉਸ ਨੇ ਇਹ ਕਹਿੰਦੇ ਹੋਏ ਸਿੱਟਾ ਕੱਢਿਆ ਕਿ ਉਸ ਦੇ ਲਈ ਕੋਈ ਵੀ ਗੱਲ "ਬਹੁਤ ਔਖੀ" ਨਹੀਂ ਹੈ (18:9-15)।

ਯਹੋਵਾਹ ਦੇ ਵਾਇਦਿਆਂ ਅਤੇ ਵਿਸ਼ਵਾਸਯੋਗਤਾ ਦੇ ਕਾਰਣ, ਹੌਲੀ-ਹੌਲੀ ਅਬਰਾਹਾਮ ਦਾ

ਵਿਸ਼ਵਾਸ ਮਜ਼ਬੂਤ ਹੁੰਦਾ ਗਿਆ। ਜਦੋਂ ਉਸ ਦਾ ਅਤੇ ਸਾਰਾਹ ਦਾ ਸਰੀਰ ਮੁਰਦੇ ਦੇ ਸਮਾਨ ਹੋ ਗਿਆ ਸੀ, ਤਾਂ ਜਿੱਥੋਂ ਤੱਕ ਪ੍ਰਜਨਨ ਦਾ ਸਵਾਲ ਸੀ, ਉਸ ਨੇ ਪਰਮੇਸ਼ੁਰ ਦੇ ਉੱਤੇ ਭਰੋਸਾ ਰੱਖਣਾ ਸਿੱਖ ਲਿਆ ਸੀ ਕਿ "ਪਰਮੇਸ਼ੁਰ . . . ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਉਹ ਸਨਮੁਖ ਹਨ" (ਰੋਮੀਆਂ 4:17)। ਉਸ ਨੇ ਪ੍ਰਭੂ ਦੀ ਸ਼ਕਤੀ ਅਤੇ ਵਿਸ਼ਵਾਸਯੋਗਤਾ ਦੇ ਉੱਤੇ ਆਪਣੀ ਆਸ ਨੂੰ ਰੱਖਿਆ ਸੀ। ਅਸੀਂ ਪੜ੍ਹਦੇ ਹਾਂ,

> ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ । . . . ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ ਅਤੇ ਨਿਹਚਾ ਵਿਚ ਉਹ ਢਿੱਲਾ ਨਾ ਹੋਇਆ . . . ਸਗੋਂ ਨਿਹਚਾ ਵਿੱਚ ਤਕੜਿਆਂ ਹੋ ਕੇ ਉਹ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ, ਅਤੇ ਉਹ ਨੂੰ ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ (ਰੋਮੀਆਂ 4:18-21)।

ਉਤਪਤ ਦੀ ਲਿਖਤ ਕਹਿੰਦੀ ਹੈ, "ਯਹੋਵਾਹ ਨੇ . . . ਸਾਰਾਹ ਉੱਤੇ ਨਜ਼ਰ ਕੀਤੀ . . . ਜੋ ਉਸ ਨੇ ਵਾਇਦਾ ਕੀਤਾ ਸੀ। ਅਤੇ ਸਾਰਾਹ ਗਰਭਵੰਤੀ ਹੋਈ ਅਰ ਅਬਰਾਹਾਮ ਲਈ ਉਹ ਦੇ ਬੁਢੇਪੇ ਵਿੱਚ . . . ਪੁੱਤ੍ਰ ਜਣੀ" (21:1, 2)। ਬਾਂਝ ਹੋਣ ਦੀ ਉਦਾਸੀ ਦੇ ਨਾਲ ਸੰਘਰਸ਼ ਕਰਨ ਦੇ ਕਈਆਂ ਸਾਲਾਂ ਦੇ ਬਾਅਦ ਉਸ ਦਾ ਵਿਸ਼ਵਾਸ ਵੀ ਸਿੱਧ ਹੋ ਗਿਆ ਸੀ। ਇਸ ਵਾਰ ਉਹ ਅਵਿਸ਼ਵਾਸ ਦੇ ਕਾਰਣ ਨਹੀਂ, ਪਰ ਅਨੰਦ ਦੇ ਕਾਰਣ ਹੱਸੀ। ਪਰਮੇਸ਼ੁਰ ਨੇ ਮੈਨੂੰ ਹਸਾਇਆ ਹੈ ਅਤੇ ਸਾਰੇ ਸੁਣਨਵਾਲੇ ਮੇਰੇ ਨਾਲ ਹੱਸਣਗੇ (21:6)।

ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਅਬਰਾਹਾਮ ਅਤੇ ਸਾਰਾਹ ਦੇ ਵਿਸ਼ਵਾਸ ਦੀਆਂ ਪ੍ਰਤਿਕਿਰਿਆਵਾਂ ਦਾ ਇਸਤੇਮਾਲ ਹਰ ਯੁੱਗ ਦੇ ਪਰਮੇਸ਼ੁਰ ਦੇ ਲੋਕਾਂ ਦੇ ਲਈ ਉਦਾਹਰਣਾਂ ਦੇ ਰੂਪ ਵਿਚ ਕੀਤਾ (ਇਬਰਾਨੀਆਂ 11:8-12)। ਜਦੋਂ ਉਨ੍ਹਾਂ ਨੇ ਪਰਮੇਸ਼ੁਰ ਦੇ ਵਾਇਦੇ ਦੇ ਪੂਰੇ ਹੋਣ ਦਾ ਅਨੁਭਵ ਕੀਤਾ, ਜਿਸ ਦੇ ਨਤੀਜੇ ਵਜੋਂ ਦੋ ਬੁੱਢੇ ਸਰੀਰਾਂ ਦੀ ਪ੍ਰਜਨਨ ਦੀ ਸ਼ਕਤੀ ਮੁੜ ਬਹਾਲ ਹੋ ਗਈ ਅਤੇ ਫਿਰ ਇਸਹਾਕ ਦਾ ਜਨਮ ਹੋਇਆ, ਉਨ੍ਹਾਂ ਨੂੰ ਨਿਸ਼ਚਤ ਤੌਰ ਤੇ ਪਤਾ ਸੀ ਕਿ ਉਹ ਸਰਵਸ਼ਕਤੀਮਾਨ ਪਰਮੇਸ਼ੁਰ ਸੀ।

ਅਬਰਾਹਾਮ ਦੇ ਵਿਸ਼ਵਾਸ ਦੀ ਅੰਤਿਮ ਪਰਖ ਉਸ ਸਮੇਂ ਹੋਈ ਜਦੋਂ ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਉਹ ਇਸਹਾਕ ਦਾ ਬਲੀਦਾਨ ਚੜ੍ਹਾਵੇ, ਜੋ ਵਾਇਦੇ ਦੀ ਸੰਤਾਨ ਸੀ ਅਤੇ ਜਿਸ ਦੀ ਉਸ ਨੇ ਲੰਬੇ ਸਮੇਂ ਤੱਕ ਉਡੀਕ ਕੀਤੀ ਸੀ (22:1-14)। ਬਿਨਾਂ ਪ੍ਰਸ਼ਨ ਕੀਤੇ, ਅਬਰਾਹਾਮ ਆਪਣੇ ਪੁੱਤਰ ਨੂੰ ਮੋਰੀਆਹ ਪਹਾੜ ਤੇ ਲੈ ਗਿਆ ਅਤੇ ਉਸ ਨੂੰ ਜਗਵੇਦੀ ਦੇ ਉੱਤੇ ਰੱਖ ਦਿੱਤਾ। ਉਸ ਨੇ ਵਾਰ ਕਰਨ ਦੇ ਲਈ ਛੁਰੀ ਹੱਥ ਵਿਚ ਫੜੀ ਹੋਈ ਸੀ ਜਦੋਂ ਸਵਰਗਦੂਤ ਨੇ ਉਸ ਦੇ ਹੱਥ ਨੂੰ ਰੋਕ ਦਿੱਤਾ। ਇਸ ਸਮੇਂ ਪੁਰਖੇ ਨੇ ਇਸ ਸਮੇਂ ਪਰਮੇਸ਼ੁਰ ਦੇ ਉੱਤੇ ਪੂਰਾ ਵਿਸ਼ਵਾਸ ਕੀਤਾ ਅਤੇ ਜਾਣ ਲਿਆ ਸੀ ਕਿ ਉਹ ਮੁਰਦਿਆਂ ਨੂੰ ਉਠਾਉਣ ਦੀ ਸਮਰੱਥ ਰੱਖਦਾ ਹੈ। ਵਿਸ਼ਵਾਸ ਅਤੇ ਆਗਿਆਕਾਰੀ ਦੇ ਸਿੱਟੇ ਵਜੋਂ, ਅਬਰਾਹਾਮ ਨੂੰ ਬਹੁਤ ਹੀ ਬਰਕਤ ਮਿਲੀ ਅਤੇ ਉਹ ਵਿਸ਼ਵਾਸੀਆਂ ਦਾ ਪਿਤਾ ਬਣ ਗਿਆ (ਰੋਮੀਆਂ 4:16)।

### ਸਾਡੇ ਵਿਸ਼ਵਾਸ ਦੀ ਪਰਖ (22:1-14)

ਜੀਵਨ ਦੇ ਮਹੱਤਵਪੂਰਣ ਖੇਤਰਾਂ ਵਿਚ ਪਰੀਖਿਆਵਾਂ ਅਤੇ ਅਜ਼ਮਾਇਸ਼ਾਂ ਦੇ ਅਨੁਭਵ ਕਰਨਾ ਕੋਈ ਚੰਗਾ ਅਨੁਭਵ ਨਹੀਂ ਹੁੰਦਾ ਹੈ, ਪਰ ਇਹ ਜ਼ਰੂਰੀ ਹੁੰਦਾ ਹੈ। ਇਹ ਸੱਚ ਹੈ ਭਾਵੇਂ ਕੋਈ ਸਕੂਲ ਦੇ ਵਿਚ ਮੁਸ਼ਕਲ ਵਿਸ਼ਿਆਂ ਦਾ ਮਾਸਟਰ ਬਣਨ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਇੱਕ ਨਵੀਂ

ਨੌਕਰੀ ਦੇ ਲਈ ਸਿਖਲਾਈ ਲੈ ਰਿਹਾ ਹੋਵੇ, ਜਾਂ ਇੱਕ ਕਰਮਚਾਰੀ ਦੇ ਰੂਪ ਵਿਚ ਯੋਗਤਾ ਅਤੇ ਉਤਪਾਦਕਤਾ ਵਿਚ ਸੁਧਾਰ ਕਰਨ ਵਿਚ ਕੋਸ਼ਿਸ਼ ਕਰ ਰਿਹਾ ਹੋਵੇ। ਇਸੇ ਤਰ੍ਹਾਂ, ਵਿਸ਼ਵਾਸ ਵਿਚ ਚੱਲਣ ਦੇ ਲਈ, ਆਤਮਿਕ ਰੂਪ ਵਿਚ ਵਧਣ ਅਤੇ ਆਪਣੀ ਵਚਨਬੱਧਤਾ ਅਤੇ ਗੁਣਵੱਤਾ ਨੂੰ ਪਰਗਟ ਕਰਨ ਦੇ ਲਈ, ਪਰੀਖਿਆਵਾਂ ਅਤੇ ਪਰਤਾਵੇ ਜ਼ਰੂਰੀ ਹਨ। ਸਰੀਰ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਦੇ ਲਈ, ਇੱਕ ਭਾਰ ਚੁੱਕਣ ਵਾਲੇ ਨੂੰ ਕਿਸੇ ਅਜਿਹੀ ਚੀਜ਼ ਦੇ ਵਿਰੁੱਧ ਕੰਮ ਕਰਨਾ ਚਾਹੀਦਾ ਹੈ ਜੋ ਟਾਕਰੇ ਨੂੰ ਪ੍ਰਦਾਨ ਕਰਦੀ ਹੈ। ਉਸੇ ਤਰਾਂ, ਪ੍ਰਭੂ ਸਾਨੂੰ ਪਰਖਦਾ ਹੈ ਅਤੇ/ਜਾਂ ਸ਼ਤਾਨ ਨੂੰ ਸਾਨੂੰ ਪਰਖਣ ਦਿੰਦਾ ਹੈ ਤਾਂ ਕਿ ਸਾਡੀਆਂ ਆਤਮਿਕ ਮਾਸਪੇਸ਼ੀਆਂ ਨੂੰ ਵਿਕਸਤ ਕਰੇ ਜਿਨ੍ਹਾਂ ਦੀ ਸਾਨੂੰ ਕੁਧਰਮ ਦੀ ਲਹਿਰ ਦੇ ਵਿਰੁੱਧ ਤੈਰਨ ਦੇ ਲਈ ਲੋੜ ਹੁੰਦੀ ਹੈ ਨਹੀਂ ਤਾਂ ਉਹ ਸਾਨੂੰ ਵਿਨਾਸ ਦੇ ਸਮੁੰਦਰ ਵਿਚ ਡੋਬ ਸਕਦੀ ਹੈ।

ਇਬਰਾਨੀ ਅਤੇ ਯੂਨਾਨੀ ਦੋਵਾਂ ਵਿਚ, ਉਹੀ ਮੂਲ ਸ਼ਬਦ ਜਿਸ ਦਾ ਅਨੁਵਾਦ "ਪਰਤਾਵਾ" (ਇੱਕ ਬੁਰੀ ਭਾਵਨਾ ਵਿਚ) "ਪਰਖ" (ਇੱਕ ਚੰਗੇ ਅਰਥ ਵਿਚ) ਕੀਤਾ ਗਿਆ ਹੈ, ਅਤੇ ਸਿਰਫ ਪ੍ਰਸੰਗ ਇਸ ਦੇ ਅਰਥ ਨੂੰ ਨਿਰਧਾਰਤ ਕਰ ਸਕਦਾ ਹੈ।[16] ਲਿਖਤਾਂ ਸਿਖਾਉਂਦੀਆਂ ਹਨ ਕਿ ਸ਼ਤਾਨ ਪਾਪ ਕਰਨ ਲਈ ਅਤੇ ਆਤਮਿਕ ਤੌਰ ਤੇ ਨਾਸ ਕਰਨ ਦੇ ਲਈ ਵਿਸ਼ਵਾਸੀਆਂ ਦੇ "ਪਰਤਾਵੇ" ਕਰਦਾ ਹੈ (ਮੱਤੀ 4:1-11; ਮਰਕੁਸ 1:13; 1 ਕੁਰਿੰਥੀਆਂ 7:5; 1 ਥੱਸਲੁਨੀਕੀਆਂ 3:5; ਯਾਕੂਬ 1:13-15)। ਪਰ, ਪਰਮੇਸ਼ੁਰ ਆਪਣੇ ਲੋਕਾਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਦੇ ਪ੍ਰਤਿ ਆਪਣੀ ਵਿਸ਼ਵਾਸਯੋਗਤਾ ਨੂੰ ਸਾਬਤ ਕਰਨ ਦੇ ਲਈ ਉਨ੍ਹਾਂ ਦੀ ਪਰਖ ਕਰਦਾ ਹੈ (22:1; ਕੂਚ 20:20; ਬਿਵਸਥਾ ਸਾਰ 8:2; ਯੂਹੰਨਾ 6:6; 1 ਕੁਰਿੰਥੀਆਂ 10:13; ਇਬਰਾਨੀਆਂ 11:17; ਯਾਕੂਬ 1:2-4, 12)।

*ਪਰਮੇਸ਼ੁਰ ਲੋਕਾਂ ਨੂੰ ਮੁਸ਼ਕਲ ਹੁਕਮਾਂ ਦਾ ਪਾਲਣ ਕਰਨ ਦਾ ਹੁਕਮ ਦੇ ਕੇ ਉਨ੍ਹਾਂ ਦਾ ਪਰਤਾਵਾ ਕਰਦਾ ਹੈ, ਭਾਵੇਂ ਉਨ੍ਹਾਂ ਵਿਚੋਂ ਕੁਝ ਬੇਤੁਕੇ ਵੀ ਲੱਗਦੇ ਹਨ* (22:1, 2)। ਅਬਰਾਹਾਮ ਦੇ ਲਈ, ਇਸ ਤੋਂ ਵੱਧ ਕੇ ਔਖੀ ਅਤੇ ਬੇਤੁਕੀ ਹੋਰ ਕੋਈ ਗੱਲ ਨਹੀਂ ਹੋ ਸਕਦੀ ਸੀ ਜੋ ਯਹੋਵਾਹ ਨੇ ਉਸ ਨੂੰ ਹੁਕਮ ਦਿੱਤਾ ਸੀ ਕਿ ਉਹ ਇਸਹਾਕ ਨੂੰ, ਜੋ ਕਿ ਵਾਇਦੇ ਦਾ ਪੁੱਤਰ ਸੀ, ਮੋਰੀਆਹ ਪਹਾੜ ਦੇ ਉੱਤੇ "ਇੱਕ ਹੋਮ ਦੀ ਬਲੀ" ਦੇ ਰੂਪ ਵਿਚ ਚੜ੍ਹਾਵੇ। ਪਰ, ਇਹ ਪਹਿਲਾ ਮੁਸ਼ਕਲ ਹੁਕਮ ਨਹੀਂ ਸੀ ਜੋ ਪਰਮੇਸ਼ੁਰ ਨੇ ਪੁਰਖੇ ਨੂੰ ਦਿੱਤਾ ਸੀ। ਭਾਵੇਂ ਇਨ੍ਹਾਂ ਸਾਰੀਆਂ ਸਥਿਤੀਆਂ ਵਿਚ "ਪਰੀਖਿਆ" ਸ਼ਬਦ ਨਹੀਂ ਆਉਂਦਾ ਹੈ, ਪਰ ਅਸਲ ਵਿਚ ਪਰਮੇਸ਼ੁਰ ਨੇ ਉਸ ਸਮੇਂ ਤੋਂ ਹੀ ਅਬਰਾਹਾਮ ਦੀ ਪਰਖ ਕਰਨੀ ਸ਼ੁਰੂ ਕਰ ਦਿੱਤੀ ਸੀ ਜਦੋਂ ਉਸ ਨੇ ਉਸ ਨੂੰ ਕਸਦੀਆਂ ਦੇ ਊਰ ਤੋਂ ਅਤੇ ਵਿਚ ਹਾਰਾਨ ਵਿਚੋਂ ਬੁਲਾਇਆ ਸੀ। ਦੋਵਾਂ ਸਥਾਨਾਂ ਤੇ, ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਉਹ ਆਪਣੇ ਪਰਿਵਾਰ ਨੂੰ ਪਿੱਛੇ ਛੱਡ ਦੇਵੇ ਅਤੇ ਕਨਾਨ ਦੀ ਧਰਤੀ ਉੱਤੇ ਜਾਵੇ (11:31; 12:1-4; ਰਸੂਲਾਂ ਦੇ ਕਰਤੱਬ 7:2-4)। ਕਿਉਂਕਿ ਉਸ ਨੇ ਦੋਵਾਂ ਸਥਾਨਾਂ ਨੇ, ਆਪਣੇ ਪਰਿਵਾਰ ਦੇ ਕੁਝ ਲੋਕਾਂ ਨੂੰ ਆਪਣੇ ਨਾਲ ਲੈਣ ਅਤੇ ਕਈ ਸਾਲਾਂ ਦੇ ਲਈ ਹਾਰਾਨ ਵਿਚ ਰੁੱਕਣ ਦੇ ਦੁਆਰਾ ਅਧੂਰੀ ਆਗਿਆਕਾਰੀ ਕੀਤੀ ਸੀ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਪਰਤਾਵਿਆਂ ਵਿਚ ਉਸ ਨੇ ਚੰਗਾ ਪ੍ਰਦਸ਼ਨ ਨਹੀਂ ਕੀਤਾ ਸੀ।

ਜਦੋਂ ਪੁਰਖਾ ਵਾਇਦੇ ਦੇ ਦੇਸ ਵਿਚ ਪਹੁੰਚਿਆ, ਤਾਂ ਉਹ ਸੋਕੇ ਦੇ ਕਾਰਣ ਉੱਥੇ ਰਹਿ ਨਾ ਸਕਿਆ। ਉਹ ਮਿਸਰ ਵਿਚ ਗਿਆ, ਜਿੱਥੇ ਉਸ ਨੇ ਇਹ ਦਾਅਵਾ ਕਰਦੇ ਹੋਏ ਕਿ ਸਾਰਾਹ ਉਸ ਦੀ ਪਤਨੀ ਨਹੀਂ ਸਗੋਂ ਉਸ ਦੀ ਭੈਣ ਹੈ, ਫ਼ਿਰਾਊਨ ਦੇ ਨਾਲ ਝੂਠ ਬੋਲਿਆ (12:10-20)। ਕਈਆਂ ਸਾਲਾਂ ਬਾਅਦ, ਉਸ ਨੇ ਇਸੇ ਝੂਠ ਨੂੰ ਫਲਿਸਤੀਨ ਦੇ ਰਾਜੇ, ਗਰਾਰ ਦੇ ਅਬੀਮਲਕ ਦੇ ਨਾਲ ਦੁਹਰਾਇਆ (20:1-18)। ਉਹ ਇਨ੍ਹਾਂ ਦੋਵਾਂ ਪਰਤਾਵਿਆਂ ਵਿਚ ਅਸਫਲ ਹੋ ਗਿਆ।

ਇਸ ਤੋਂ ਇਲਾਵਾ, ਉਹ ਸਾਰਾਹ ਦੀ ਯੋਜਨਾ ਵਿਚ ਵੀ ਸ਼ਾਮਲ ਹੋ ਗਿਆ ਕਿ ਉਹ ਉਸ ਦੀ ਦਾਸੀ, ਹਾਜਰਾ ਦੇ ਦੁਆਰਾ ਇੱਕ ਪੁੱਤਰ ਨੂੰ ਪ੍ਰਾਪਤ ਕਰ ਲਵੇ (16:1-4)। ਜਦੋਂ ਉਹ ਨੜ੍ਹਿੰਨਵੇਂ ਸਾਲਾਂ ਦਾ ਸੀ ਅਤੇ ਸਾਰਾਹ ਉਨਾਨਵੇਂ ਸਾਲਾਂ ਦੀ ਸੀ, ਪਰਮੇਸ਼ੁਰ ਨੇ ਕਿਹਾ ਕਿ ਅਗਲੇ ਸਾਲ ਉਨ੍ਹਾਂ ਦੇ ਘਰ ਵਿਚ ਇੱਕ ਪੁੱਤਰ ਹੋਵੇਗਾ। ਤਾਂ ਇਸ ਰੱਬੀ ਘੋਸ਼ਣਾ ਦੇ ਪ੍ਰਤਿ ਉਸ ਦੀ ਪ੍ਰਤਿਕਿਰਿਆ ਇਹ ਸੀ ਕਿ ਉਹ ਮੂੰਹ ਭਾਰ ਡਿੱਗ ਪਿਆ ਅਤੇ ਅਵਿਸ਼ਵਾਸ ਦੇ ਕਾਰਣ ਹੱਸਿਆ। ਉਸ ਨੇ ਪ੍ਰਭੂ ਦੇ ਸਾਹਮਣੇ ਬੇਨਤੀ ਕੀਤੀ ਕਿ ਉਹ ਇਸਮਾਈਲ ਨੂੰ ਹੀ ਵਾਇਦੇ ਦੀ ਸੰਤਾਨ ਵਜੋਂ ਗ੍ਰਹਿਣ ਕਰ ਲਵੇ (17:15-19)।

ਇਨ੍ਹਾਂ ਸਾਰੀਆਂ ਉਦਾਹਰਣਾਂ ਵਿਚ, ਅਬਰਾਹਾਮ ਰੱਬੀ ਪਰੀਖਿਆਵਾਂ ਵਿਚ ਫੇਲ੍ਹ ਹੋ ਗਿਆ ਸੀ। ਉਸ ਇਸ ਲਈ ਅਸਫਲ ਨਹੀਂ ਹੋਇਆ ਸੀ ਕਿ ਉਸ ਨੇ ਅਵਿਸ਼ਵਾਸ ਦੇ ਕਾਰਣ ਆਪਣੇ ਦਿਲ ਨੂੰ ਪਰਮੇਸ਼ੁਰ ਦੇ ਪ੍ਰਤਿ ਕਠੋਰ ਕਰ ਲਿਆ ਸੀ; ਇਸ ਦੇ ਉਲਟ, ਉਹ ਹੁਣ ਵੀ ਪ੍ਰਭੂ ਵਿਚ ਵਿਸ਼ਵਾਸ ਕਰਦਾ ਸੀ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਨਾ ਚਾਹੁੰਦਾ ਸੀ। ਪਰ, ਮੁਸ਼ਕਲ ਜਾਂ ਡਰਾਉਣੀਆਂ ਸਥਿਤੀਆਂ ਵਿਚ, ਇੰਝ ਜਾਪਦਾ ਸੀ ਕਿ ਪੁਰਖੇ ਦੀ ਸੋਚ ਸੀ ਕਿ ਉਸ ਦਾ ਆਪਣਾ ਤਰੀਕਾ ਪਰਮੇਸ਼ੁਰ ਦੇ ਤਰੀਕੇ ਨਾਲੋਂ ਹੋਰ ਵੀ ਉਚਿਤ ਤਰਕਸੰਗਤ, ਜਾਂ ਲਾਹੇਵੰਦ ਹੈ। ਉਸ ਨੂੰ ਸਿੱਖਣਾ ਪਿਆ ਕਿ "ਵੇਖਣ ਦੇ ਦੁਆਰਾ" ਚੱਲਣ ਦੀ ਬਜਾਇ "ਵਿਸ਼ਵਾਸ ਵਿਚ" ਕਿਵੇਂ ਚੱਲਣਾ ਹੈ (2 ਕੁਰਿੰਥੀਆਂ 5:7)।

ਇਹ ਯੁੱਗਾਂ ਪੁਰਾਣੀ ਸਮੱਸਿਆ ਅੱਜ ਵੀ ਸਾਡੇ ਨਾਲ ਹੈ। ਕਈ ਵਾਰ ਠੋਕਰ ਖਾਂਦੇ ਅਤੇ ਡਿੱਗ ਜਾਂਦੇ ਹਾਂ ਕਿਉਂਕਿ ਅਸੀਂ ਉਸ ਖਤਰੇ ਨੂੰ ਵੇਖਣ ਵਿਚ ਅਸਫਲ ਹੋ ਜਾਂਦੇ ਹਾਂ ਜੋ ਸਾਡੇ ਸਾਹਮਣੇ ਪਿਆ ਹੁੰਦਾ ਹੈ, ਜਾਂ ਸਾਨੂੰ ਪੂਰਾ ਭਰੋਸਾ ਹੁੰਦਾ ਹੈ ਕਿ ਅਸੀਂ ਚੱਲਣ ਦੇ ਲਈ ਉਸ ਮਾਰਗ ਤੋਂ ਵੀ ਵਧੀਆ ਮਾਰਗ ਜਾਣਦੇ ਹਾਂ ਜੋ ਪਰਮੇਸ਼ੁਰ ਨੇ ਸਾਡੇ ਸਾਹਮਣੇ ਰੱਖਿਆ ਹੈ। ਬੁੱਧਵਾਨ ਆਦਮੀ ਨੇ ਵੇਖਿਆ, "ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ" (ਕਹਾਉਤਾਂ 14:12)।

ਯਿਸੂ ਨੇ ਅਕਸਰ ਉਨ੍ਹਾਂ ਆਪਣੇ ਪਿੱਛੇ ਚੱਲਣ ਵਾਲੇ ਲੋਕਾਂ ਤੋਂ ਮੁਸ਼ਕਲ ਮੰਗਾਂ ਕੀਤੀਆਂ, ਜੋ ਮਨੁੱਖੀ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਗੰਭੀਰ, ਅਯੋਗ, ਜਾਂ ਇੱਥੋਂ ਤੱਕ ਕਿ ਅਸੰਭਵ ਲੱਗਦੀਆਂ ਸਨ।

1. ਇੱਕ ਮੌਕੇ ਤੇ, ਉਸ ਨੇ ਇਹ ਕਹਿੰਦੇ ਹੋਏ, "ਮੇਰੇ ਪਿੱਛੇ ਤੁਰਿਆ" ਇੱਕ ਵਿਅਕਤੀ ਦੀ ਪਰਖ ਕੀਤੀ ਜਿਸ ਨੇ ਇਹ ਇੱਛਾ ਪਰਗਟ ਕੀਤੀ ਸੀ ਕਿ ਉਹ ਉਸ ਦਾ ਚੇਲਾ ਬਣਨਾ ਚਾਹੁੰਦਾ ਸੀ। ਮਨੁੱਖ ਦਾ ਪ੍ਰਤਿਉੱਤਰ ਸੀ, "ਪ੍ਰਭੂ ਜੀ ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ।" ਯਿਸੂ ਨੇ ਇਹ ਕਹਿੰਦੇ ਹੋਏ ਉਸ ਨੂੰ ਰੋਕਿਆ, "ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਪਰਮੇਸ਼ੁਰ ਦੇ ਰਾਜ ਦੀ ਖਬਰ ਸੁਣਾ" (ਲੂਕਾ 9:59, 60)। ਪ੍ਰਾਚੀਨ ਨੇੜਲੇ ਪੂਰਬ ਵਿਚ, ਸਭ ਤੋਂ ਪਵਿੱਤਰ ਜ਼ਿੰਮੇਵਾਰੀਆਂ ਵਿਚੋਂ ਇੱਕ ਇਹ ਸੀ ਕਿ ਮਾਪਿਆਂ ਨੂੰ ਚੰਗੇ ਤਰੀਕੇ ਦੇ ਨਾਲ ਦਫਨਾ ਕੇ ਉਨ੍ਹਾਂ ਦਾ ਆਦਰ ਕਰਨਾ। ਬੇਸ਼ੱਕ, ਅਸੀਂ ਨਹੀਂ ਜਾਣਦੇ ਕਿ ਉਸ ਆਦਮੀ ਦਾ ਪਿਤਾ ਅਸਲ ਵਿਚ ਮਰ ਚੁੱਕਾ ਸੀ, ਮੌਤ ਦੇ ਨੇੜੇ ਸੀ, ਜਾਂ ਇਕਦਮ ਠੀਕ–ਠਾਕ ਸੀ। ਸ਼ਾਇਦ ਇਸ ਆਦਮੀ ਨੇ ਚੇਲੇ ਬਣਨ ਦੀ ਆਪਣੀ ਬੁਲਾਹਟ ਨੂੰ ਰੱਦਣ ਦੇ ਲਈ ਬਹਾਨੇ ਵਜੋਂ ਆਪਣੇ ਪਿਤਾ ਨੂੰ ਵਰਤਿਆ ਹੋਵੇ; ਪਰ, ਮਾਮਲਾ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਯਿਸੂ ਨੇ ਇਸ ਗੱਲ ਦੀ ਘੋਸ਼ਣਾ ਕੀਤੀ ਕਿ ਪਰਮੇਸ਼ੁਰ ਦੇ ਰਾਜ ਨੂੰ, ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਵੀ ਵੱਧ ਕੇ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

2. ਯਿਸੂ ਦੀ ਇੱਕ ਹੋਰ ਹੈਰਾਨ ਕਰ ਦੇਣ ਵਾਲੀ ਘੋਸ਼ਣਾ ਚੇਲੇ ਬਣਨ ਦੇ ਲਈ ਪਰੀਖਿਆ ਸੀ: "ਜੇ ਕੋਈ ਮੇਰੇ ਕੋਲ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ

ਭਾਈਆਂ ਅਤੇ ਭੈਣਾਂ ਨਾਲ ਸਗੋਂ ਆਪਣੀ ਜਾਨ ਨਾਲ ਵੀ ਵੈਰ ਨਾ ਰੱਖੇ ਤਾਂ ਉਹ ਮੇਰਾ ਚੇਲਾ ਨਹੀਂ ਹੋ ਸੱਕਦਾ" (ਲੂਕਾ 14:26)। ਹਾਲਾਂਕਿ, ਮੱਤੀ ਨੇ, ਯਿਸੂ ਦੇ ਸਮਾਂਤਰ ਇੱਕ ਵਿਆਖਿਆ ਕੀਤੀ ਹੈ, ਜੋ ਉਸ ਦੇ ਸੁਣਨ ਵਾਲਿਆਂ ਨੂੰ ਘੱਟ ਹੈਰਾਨ ਕਰਨ ਵਾਲੀ ਹੋਵੇਗੀ, ਪਰ ਇਸ ਵਿਚਲੀ ਮੰਗ ਘੱਟ ਨਹੀਂ ਹੈ। ਇਸ ਲਈ, ਲੂਕਾ ਦੇ ਵਾਂਗ "ਵੈਰ" ਸ਼ਬਦ ਦੀ ਵਰਤੋਂ ਕਰਨ ਦੀ ਬਜਾਇ, ਉਸ ਦਾ ਖਾਤਾ ਹੇਠ ਲਿਖੇ ਸ਼ਬਦਾਂ ਵਿਚ ਪਰਗਟ ਕੀਤਾ ਗਿਆ ਹੈ: "ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਅਤੇ ਜੋ ਕੋਈ ਪੁੱਤ੍ਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ" (ਮੱਤੀ 10:37)। ਅਜਿਹਾ ਕਰਨ ਦੇ ਦੁਆਰਾ, ਮੱਤੀ ਨੇ ਇਬਰਾਨੀ ਸ਼ਬਦ שָׂנֵא (*ਸੇਨ*) ਦਾ ਵਰਣਨ ਕੀਤਾ ਹੈ, ਜੋ ਸਪੱਸ਼ਟ ਤੌਰ ਤੇ ਨਵੇਂ ਨੇਮ ਦੇ ਸ਼ਬਦ "ਵੈਰ" ਦੇ ਪਿੱਛੇ ਖੜ੍ਹਾ ਹੈ। ਕੁਝ ਸਥਿਤੀਆਂ ਵਿਚ *ਸੇਨ* ਦਾ ਅਰਥ ਹੈ "ਘੱਟ ਪਿਆਰ," ਇੱਕ ਵਿਅਕਤੀ ਦੇ ਪ੍ਰਤਿ ਅਸਲੀ ਦੁਸ਼ਮਣੀ, ਬੁਰੀ ਇੱਛਾ, ਜਾਂ ਨਫ਼ਰਤ ਰੱਖਣ ਦੀ ਬਜਾਇ ਉਸ ਨਾਲ ਘੱਟ ਪ੍ਰੇਮ ਕਰੋ। ਇਸ ਲਈ, KJV ਦੇ ਅਨੁਵਾਦਕਾਂ ਨੇ ਦੋ ਵਾਰ ਇਹ ਕਹਿੰਦੇ ਹੋਏ ਆਪਣੇ ਪਾਠਕਾਂ ਨੂੰ ਹਾਨੀ ਪਹੁੰਚਾਈ ਹੈ ਕਿ ਯਾਕੂਬ ਨੇ ਲੇਆਹ ਨੂੰ "ਘਿਣਾਉਣੀ ਜਾਣਿਆ" (*ਸੇਨ*), ਉਤਪਤ 29:31, 33. ਅਸਲ ਵਿਚ, 29:30 ਆਇਤ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਯਾਕੂਬ ਲੇਆਹ ਨੂੰ ਪਿਆਰ ਕਰਦਾ ਸੀ, ਪਰ ਉਨ੍ਹਾਂ ਪਿਆਰ ਨਹੀਂ ਕਰਦਾ ਸੀ ਜਿੰਨਾ ਉਹ ਰਾਖੇਲ ਨਾਲ ਕਰਦਾ ਸੀ। ਇਸ ਪ੍ਰਕਾਰ, ਯਿਸੂ ਦੇ ਉੱਪਰ ਦਿੱਤੇ ਬਿਆਨ ਦਾ ਅਰਥ ਹੈ ਕਿ ਸਾਨੂੰ ਕਿਸੇ ਨੂੰ ਵੀ – ਮਾਤਾ-ਪਿਤਾ, ਭੈਣ-ਭਰਾ – ਜਾਂ ਇੱਥੋਂ ਤੱਕ ਕਿ ਆਪਣੇ ਜੀਵਨ ਨੂੰ ਵੀ ਪ੍ਰਭੂ ਦੇ ਪ੍ਰਤਿ ਆਪਣੀ ਵਚਨਬੱਧਤਾ ਤੋਂ ਵੱਧ ਕੇ ਪ੍ਰਮੁੱਖਤਾ ਨਹੀਂ ਦੇਣੀ ਚਾਹੀਦੀ ਹੈ।

3. ਯਿਸੂ ਦੇ ਚੇਲਿਆਂ ਨੂੰ ਚੇਤਾਵਨੀ ਦੇਣ ਵਾਲੀ ਇੱਕ ਹੋਰ ਪਰੀਖਿਆ ਉਨ੍ਹਾਂ ਦੀ ਅਦਭੁੱਤ ਮੰਗ ਸੀ, "ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਵੇਗਾ" (ਮੱਤੀ 16:24, 25)। ਸਲੀਬ ਇੱਕ ਤਸੀਹੇ ਦੇਣ ਦਾ ਸਾਧਨ ਸੀ ਜੋ ਗ਼ੈਰ-ਨਾਗਰਿਕਾਂ, ਜਿਵੇਂ ਗੁਲਾਮਾਂ, ਵਿਦਰੋਹੀ ਵਿਦੇਸ਼ੀਆਂ, ਅਤੇ ਘ੍ਰਿਣਾਯੋਗ ਅਪਰਾਧੀਆਂ ਦੇ ਲਈ ਰਾਖਵੇਂ ਤੌਰ ਤੇ ਰੱਖਿਆ ਗਿਆ ਸੀ। ਇਹ ਬਿਆਨ ਉਨ੍ਹਾਂ ਸਾਰੀਆਂ ਚੀਜ਼ਾਂ ਦੇ ਉਲਟ ਸੀ ਜਿਨ੍ਹਾਂ ਦੀ ਰਸੂਲਾਂ ਨੇ ਉਮੀਦ ਸੀ ਅਤੇ ਜਿਸ ਦੀ ਉਨ੍ਹਾਂ ਨੇ ਆਸ ਰੱਖੀ ਹੋਈ ਸੀ। ਉਹ ਰੱਬੀ ਬਰਕਤਾਂ, ਧਨ, ਅਤੇ ਯਿਸੂ ਦੇ ਸਿੰਘਾਸਣ ਉੱਤੇ ਉਸ ਦੇ ਨਾਲ ਸੱਜੇ ਅਤੇ ਖੱਬੇ ਬੈਠਣ ਦੀ ਰਾਹ ਵੇਖ ਰਹੇ ਸਨ। ਸਲੀਬ ਦੇ ਉੱਤੇ ਦੁੱਖ ਝੱਲਣ ਤੋਂ ਇਲਾਵਾ ਉਨ੍ਹਾਂ ਦੇ ਦਿਮਾਗ ਵਿਚ ਹੋਰ ਕੁਝ ਵੀ ਨਹੀਂ ਆ ਸਕਦਾ ਸੀ।

ਇਸ ਸੱਚਾਈ ਨੂੰ ਸਮਝਣਾ ਯਿਸੂ ਦੇ ਚੇਲਿਆਂ ਦੇ ਲਈ ਮੁਸ਼ਕਲ ਸੀ। ਕਈਆਂ ਮੌਕਿਆਂ ਤੇ, ਉਨ੍ਹਾਂ ਦੇ ਘੱਟ ਵਿਸ਼ਵਾਸ ਅਤੇ ਨਾ ਸਮਝੀ ਦੇ ਕਾਰਣ ਪ੍ਰਭੂ ਦੁਆਰਾ ਉਨ੍ਹਾਂ ਨੂੰ ਸੁਧਾਰਨਾ ਪਿਆ। ਫਿਰ, ਸਾਨੂੰ ਇਸ ਗੱਲ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਹੈ, ਕਿ ਅਬਰਾਹਾਮ ਨੇ ਆਪਣੀ ਬੁਲਾਹਟ ਦੇ ਸੰਪੂਰਣ ਮਹੱਤਵ ਨੂੰ ਸਮਝਣ ਵਿਚ ਕਿ ਉਹ ਸਾਰੇ ਵਿਸ਼ਵਾਸੀਆਂ ਦਾ ਪਿਤਾ ਹੋਵੇਗਾ ਇੰਨੇ ਸਾਲ ਲਗਾਏ (ਰੋਮੀਆਂ 4:16)। ਉਤਪਤ ਦੀ ਲਿਖਤ ਤੋਂ, ਇਹ ਪਰਗਟ ਹੁੰਦਾ ਹੈ ਕਿ ਉਸ ਨੇ ਕਈ ਸਾਲਾਂ ਤੋਂ ਅਗਵਾਈ ਦੇ ਲਈ, ਡਾਂਟਣ ਦੇ ਲਈ, ਜਾਂ ਵਾਇਦੇ ਦੇ ਲਈ ਪਰਮੇਸ਼ੁਰ ਦੀ ਅਵਾਜ਼ ਨੂੰ ਝੁਠਲਾਇਆ ਹੋ ਸਕਦਾ ਹੈ ਇਸ ਲਈ ਉਸ ਨੂੰ ਕਦੀ ਕਦੀ ਸਿਰਫ ਅਜ਼ਮਾਇਸ਼ੀ ਰੱਬੀ ਸਿੱਖਿਆ ਦੇ ਨਾਲ ਵਿਸ਼ਵਾਸ ਵਿਚ ਚੱਲਣਾ ਸਿਖਣਾ ਪਿਆ ਸੀ।

ਉਸ ਦੀ ਆਤਮਿਕ ਸਿੱਖਿਆ ਦੀ ਪ੍ਰਕ੍ਰਿਤੀ ਸਾਡੀ ਇਹ ਸਮਝਣ ਵਿਚ ਮਦਦ ਕਰ ਸਕਦੀ ਹੈ ਕਿ ਕਿਉਂ ਪਰਮੇਸ਼ੁਰ ਪੁਰਖੇ ਦੇ ਨਾਲ ਇੰਨਾ ਧੀਰਜਵਾਨ ਅਤੇ ਸਹਿਮਤ ਸੀ। ਉਸ ਦੇ ਅੰਦਰ

ਸਿਰਫ ਥੋੜੀ ਜਿਹੀ ਰੱਬੀ ਸੱਚਾਈ ਸੀ, ਜਿਵੇਂ ਉਸ ਮਨੁੱਖਤਾ ਦੇ "ਚਮਕਦਾਰ ਯੁੱਗ"[17] ਵਿਚ ਜੀਵਨ ਗੁਜ਼ਾਰ ਰਿਹਾ ਸੀ। ਕਿਵੇਂ ਇਹ ਮਨੁੱਖ ਜਿਸ ਦੇ ਵਿਸ਼ਵਾਸ ਵਿਚ ਕਮੀਆਂ ਸਨ ਅਤੇ ਆਗਿਆਕਾਰੀ ਕਰਨ ਵਿਚ ਅਸਫਲ ਰਿਹਾ ਸੀ ਉਸ ਨੂੰ "ਵਿਸ਼ਵਾਸੀਆਂ ਦੇ ਪਿਤਾ" ਦੇ ਰੂਪ ਵਿਚ ਜਾਣਿਆ ਜਾਣ ਲੱਗਾ? ਅਬਰਾਹਾਮ ਨੇ ਕਦੀ ਵੀ ਪ੍ਰਭੂ ਵਿਚ ਵਿਸ਼ਵਾਸ ਕਰਨਾ ਨਹੀਂ ਛੱਡਿਆ, ਭਾਵੇਂ ਕਈ ਵਾਰ ਉਸ ਦਾ ਵਿਸ਼ਵਾਸ ਕਮਜ਼ੋਰ ਪੈ ਗਿਆ ਸੀ। ਉਸ ਨੇ ਕਦੀ ਪਰਮੇਸ਼ੁਰ ਦੇ ਹੱਥ ਨੂੰ ਜਾਣ ਨਹੀਂ ਦਿੱਤਾ, ਨਾ ਹੀ ਕਦੀ ਪ੍ਰਭੂ ਨੇ ਹੀ ਉਸ ਨੂੰ ਛੱਡਿਆ ਸੀ। ਇਹ ਸੱਚ ਹੈ ਕਿ ਉਸ ਨੂੰ ਆਪਣੀਆਂ ਯੋਜਨਾਵਾਂ ਤੋਂ ਵੱਧ ਕੇ ਪਰਮੇਸ਼ੁਰ ਦੀਆਂ ਯੋਜਨਾਵਾਂ ਤੇ ਵਿਸ਼ਵਾਸ ਕਰਨ ਦੀ ਲੋੜ ਸੀ – ਪਰ ਸੰਸਾਰ ਦੇ ਇਤਹਾਸ ਵਿਚ, ਵਿਸ਼ਵਾਸੀ ਇਸ ਤੋਂ ਇਲਾਵਾ ਹੋਰ ਕੀ ਦਾਅਵਾ ਕਰ ਸਕਦਾ ਹੈ? ਅੰਤਿਮ ਵਿਸ਼ਲੇਸ਼ਣ ਵਿਚ, ਉਸ ਨੇ ਕਦੀ ਵੀ ਪਰਮੇਸ਼ੁਰ ਨੂੰ ਨਹੀਂ ਛੱਡਿਆ ਸੀ, ਅਤੇ ਯਹੋਵਾਹ ਨੇ ਕਦੀ ਵੀ ਉਸ ਨੂੰ ਨਹੀਂ ਛੱਡਿਆ ਸੀ।

ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਕੋਈ ਵਿਅਕਤੀ ਕਿੰਨੀ ਵਾਰ ਠੋਕਰ ਖਾਂਦਾ ਅਤੇ ਡਿੱਗਦਾ ਹੈ; ਪਰ ਇਹ ਗੱਲ ਮਾਇਨੇ ਰੱਖਦੀ ਹੈ ਕਿ ਉਹ ਉੱਠਦਾ ਹੈ, ਅਤੇ ਆਪਣੀਆਂ ਅਸਫਲਤਾਵਾਂ ਤੋਂ ਸਿੱਖਦਾ ਹੈ, ਅਤੇ ਹੌਲੀ ਹੌਲੀ ਪਰਮੇਸ਼ੁਰ ਦੇ ਨਾਲ ਚੱਲਣ ਵਿਚ ਹੋਰ ਵੀ ਮਜ਼ਬੂਤ ਅਤੇ ਵਿਸ਼ਵਾਸਯੋਗ ਹੁੰਦਾ ਜਾਂਦਾ ਹੈ। ਜਦਕਿ ਕੁਝ ਲੋਕ ਆਪਣੀਆਂ ਅਸਫਲਾਤਾਵਾਂ ਤੋਂ ਕਦੀ ਵੀ ਨਹੀਂ ਸਿੱਖਦੇ ਹਨ, ਜਿਵੇਂ ਅਬਰਾਹਾਮ ਸਿੱਖਦਾ ਸੀ। ਜਦੋਂ ਪਰਮੇਸ਼ੁਰ ਨੇ ਅੰਤਿਮ ਪਰਤਾਵੇ ਦਾ ਹੁਕਮ ਦਿੱਤਾ – ਇਸਹਾਕ ਦੇ ਬਲੀਦਾਨ ਦਾ – ਤਾਂ ਯਹੋਵਾਹ ਦੇ ਉੱਤੇ ਪੁਰਖੇ ਦਾ ਵਿਸ਼ਵਾਸ ਇੰਨਾ ਵੱਧ ਗਿਆ ਸੀ ਕਿ ਉਸ ਨੇ ਉਸ ਦੀਆਂ ਸਾਰੀਆਂ ਹਿਦਾਇਤਾਂ ਨੂੰ ਮੰਨਣ ਦੇ ਵਿਚ ਕੋਈ ਸੰਕੋਚ ਨਹੀਂ ਕੀਤਾ। ਉਹ ਅਤੇ ਸਾਰਾਹ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਦੁਆਰਾ ਕੀਤੇ ਗਏ ਇੱਕ ਚਮਤਕਾਰ ਦਾ ਅਨੁਭਵ ਕਰ ਚੁੱਕੇ ਸਨ, ਜਿਸ ਨੇ ਉਨ੍ਹਾਂ ਦੇ ਮੁਰਦਾ ਜਿਹੇ ਸਰੀਰਾਂ ਨੂੰ ਪ੍ਰਜਨਨ ਦੀ ਨਵੀਂ ਸਮਰੱਥ ਅਤੇ ਜੋਸ਼ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਇਸਹਾਕ ਦਾ ਜਨਮ ਹੋਇਆ ਸੀ। ਅਬਰਾਹਾਮ ਵਿਸ਼ਵਾਸ ਕਰਦਾ ਸੀ ਕਿ ਜੇਕਰ ਉਸ ਨੂੰ ਆਪਣੇ ਪੁੱਤਰ ਨੂੰ ਮਾਰਨਾ ਵੀ ਪਿਆ, ਜੋ ਸਾਰੇ ਵਾਇਦਿਆਂ ਦਾ ਵਾਰਸ ਸੀ, ਤਾਂ ਪ੍ਰਭੂ ਜ਼ਰੂਰ ਉਸ ਨੂੰ ਮੁਰਦਿਆਂ ਦੇ ਵਿਚੋਂ ਉਠਾ ਖੜਾ ਕਰੇਗਾ (ਇਬਰਾਨੀਆਂ 11:17-19)। ਅਬਰਾਹਾਮ ਦੇ ਅੰਦਰ ਅਜਿਹਾ ਵਿਸ਼ਵਾਸ ਰਾਤੋਂ-ਰਾਤ ਪੈਦਾ ਨਹੀਂ ਹੋ ਗਿਆ ਸੀ, ਅਤੇ ਨਾ ਹੀ ਅੱਜ ਦੇ ਮਸੀਹੀਆਂ ਦੇ ਨਾਲ ਹੀ ਅਜਿਹਾ ਹੁੰਦਾ ਹੈ। ਸਭ ਤੋਂ ਮਹੱਤਵਪੂਰਣ ਗੱਲ ਹੈ ਕਿ ਕੋਈ ਕਿਸੇ ਦੌੜ ਨੂੰ ਕਿਵੇਂ ਸਮਾਪਤ ਕਰਦਾ ਹੈ, ਨਾ ਕਿ ਉਸ ਨੇ ਉਸ ਨੂੰ ਕਿਵੇਂ ਸ਼ੁਰੂ ਕੀਤਾ ਜਾਂ ਰਾਹ ਵਿਚ ਕਿਹੜੀਆਂ ਕਿਹੜੀਆਂ ਗਲਤੀਆਂ ਕੀਤੀਆਂ ਸਨ (2 ਤਿਮੋਥਿਉਸ 4:5-8)।

*ਜਦੋਂ ਪਰਮੇਸ਼ੁਰ ਵਿਸ਼ਵਾਸੀਆਂ ਪਰਤਾਵਿਆਂ ਅਤੇ ਅਜ਼ਮਾਇਸ਼ਾਂ ਵਿਚੋਂ ਹੋ ਕੇ ਲੰਘਣ ਦੀ ਇਜਾਜ਼ਤ ਦਿੰਦਾ ਹੈ, ਤਾਂ ਉਨ੍ਹਾਂ ਨੂੰ ਸਪੱਸ਼ਟੀਕਰਣ ਦੀ ਬਜਾਇ ਉਸ ਦੇ ਵਾਇਦਿਆਂ ਤੇ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੁੰਦੀ ਹੈ* (22:3-5)। ਬਹੁਤ ਵਾਰ, ਪਰਮੇਸ਼ੁਰ ਉਮੀਦ ਕਰਦਾ ਹੈ ਕਿ ਉਸ ਦੇ ਲੋਕ ਬਿਨਾਂ ਕਿਸੇ ਸਪੱਸ਼ਟੀਕਰਣ ਦੇ ਮੁਸ਼ਕਲ ਪਰੀਖਿਆਵਾਂ ਦੇ ਵਿਚੋਂ ਦੀ ਲੰਘਣ। ਲੇਖਕ ਨੇ ਕਿਸੇ ਵੀ ਰੱਬੀ ਕਾਰਣ ਦਾ ਖੁਲਾਸਾ ਨਹੀਂ ਕੀਤਾ ਜਿਸ ਕਾਰਣ ਪਰਮੇਸ਼ੁਰ ਨੇ ਅਬਰਾਹਾਮ ਨੂੰ ਦੱਸਿਆ ਹੋਵੇ ਕਿ ਉਸ ਨੂੰ ਆਪਣੇ ਪੁੱਤਰ ਦੀ ਕੁਰਬਾਨੀ ਕਿਉਂ ਚੜ੍ਹਾਉਣੀ ਚਾਹੀਦੀ ਹੈ; ਇਸ ਤਰ੍ਹਾਂ ਜਾਪਦਾ ਹੈ ਕਿ ਪੁਰਖੇ ਨੂੰ ਪ੍ਰਭੂ ਤੋਂ ਕੋਈ ਵੀ ਕਾਰਣ ਪ੍ਰਾਪਤ ਨਹੀਂ ਹੋਇਆ ਸੀ। ਇਹ ਸਥਿਤੀ ਸਦੂਮ ਅਤੇ ਅਮੂਰਾਹ ਦੇ ਵਿਨਾਸ ਤੋਂ ਉਲਟ ਹੈ। ਜਦੋਂ ਪੁਰਖੇ ਨੇ ਇਨ੍ਹਾਂ ਸ਼ਹਿਰਾਂ ਦੇ ਵਿਨਾਸ ਦੇ ਵਿਸ਼ੇ ਵਿਚ ਪਰਮੇਸ਼ੁਰ ਕੋਲੋਂ ਪ੍ਰਸ਼ਨ ਪੁੱਛਿਆ, ਤਾਂ ਪਰਮੇਸ਼ੁਰ ਨੇ ਉਸ ਨੂੰ ਕਈ ਵਾਰ ਭਰੋਸਾ ਦਵਾਇਆ ਕਿ ਉਹ ਅਨੈਤਿਕਤਾ ਦੇ ਨਾਲ ਕੰਮ ਨਹੀਂ ਕਰੇਗਾ, ਉਹ ਦੁਸ਼ਟਾਂ ਦੇ ਨਾਲ ਧਰਮੀਆਂ

ਦਾ ਨਾਸ ਨਹੀਂ ਕਰੇਗਾ (18:22-33)।

ਪਰਮੇਸ਼ੁਰ ਨੂੰ, ਜੀਵਨ ਅਤੇ ਸਾਰੀਆਂ ਚੀਜ਼ਾਂ ਦੇ ਰਚਨਵਾਲਾ ਹੋਣ ਦੇ ਨਾਤੇ ਸਾਨੂੰ, ਜਵਾਬ ਦੇਣ ਦੀ ਕੋਈ ਲੋੜ ਨਹੀਂ ਹੈ। ਕਾਇਨਾਤ ਦਾ ਸਰਵਸ਼ਕਤੀਮਾਨ ਪਰਮੇਸ਼ੁਰ ਹੋਣ ਦੇ ਨਾਤੇ, ਉਸ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਆਪਣੇ ਆਪ ਨੂੰ ਕਮਜ਼ੋਰ, ਪਾਪੀ ਲੋਕਾਂ ਉੱਤੇ ਪਰਗਟ ਕਰ। ਤਾਂ ਵੀ, ਉਸ ਨੇ ਕਈ ਵਾਰ ਵੱਡੀਆਂ ਪਰੀਖਿਆਵਾਂ ਅਤੇ ਮਹਾਨ ਪਰਤਾਵਿਆਂ ਦੇ ਸਮੇਂ ਆਪਣੇ ਹੁਕਮਾਂ ਦੇ ਕਾਰਣਾਂ ਨੂੰ ਬਿਆਨ ਕੀਤਾ। ਉਦਾਹਰਣ ਦੇ ਲਈ, ਪਰਮੇਸ਼ੁਰ ਨੇ ਨੂਹ ਨੂੰ ਸਮਝਾਇਆ ਕਿ ਉਹ ਮਨੁੱਖ ਜਾਤੀ ਨੂੰ ਖਤਮ ਕਰਨ ਦੇ ਲਈ ਧਰਤੀ ਉੱਤੇ ਜਲ ਪਰਲੋ ਨੂੰ ਭੇਜਣ ਵਾਲਾ ਸੀ ਕਿਉਂਕਿ ਉਨ੍ਹਾਂ ਦੀ ਦੁਸ਼ਟਤਾ ਅਤੇ ਹਿੰਸਾ ਅਸਮਾਨ ਤੱਕ ਪਹੁੰਚ ਚੁੱਕੀ ਸੀ। ਉਸ ਨੇ ਇਸ ਧਰਮੀ ਆਦਮੀ ਨੂੰ ਇੱਕ ਕਿਸ਼ਤੀ ਬਣਾਉਣ ਦੇ ਲਈ ਕਿਹਾ ਤਾਂਕਿ ਉਹ ਅਤੇ ਉਸ ਦਾ ਪਰਿਵਾਰ ਇਸ ਆਉਣ ਵਾਲੀ ਤਬਾਹੀ ਤੋਂ ਬਚ ਸਕੇ (6:8-22)। ਇਸੇ ਤਰ੍ਹਾਂ, ਪਰਮੇਸ਼ੁਰ ਨੇ ਮੂਸਾ ਉੱਤੇ, ਅਤੇ ਉਸ ਦੇ ਦੁਆਰਾ ਇਸਰਾਈਲ ਦੇ ਉੱਤੇ ਇਸ ਗੱਲ ਨੂੰ ਪਰਗਟ ਕੀਤਾ, ਕਿ ਉਹ ਮਿਸਰੀਆਂ ਦੇ ਉੱਤੇ ਬਵਾਂ ਭੇਜਣ ਵਾਲਾ ਹੈ, ਤਾਂ ਕਿ ਉਹ ਆਪਣੇ ਲੋਕਾਂ ਨੂੰ ਫ਼ਿਰਾਊਨ ਦੀ ਗੁਲਾਮੀ ਤੋਂ ਅਜ਼ਾਦ ਕਰੇ (ਕੂਚ 6:1-9; 7:14–12:41)। ਆਖਰੀ ਬਵਾ ਤੋਂ ਬਚਣ ਦੇ ਲਈ, ਜੋ ਸਾਰੇ ਦੇਸ ਤੇ ਫੈਲ ਜਾਵੇਗੀ, ਵਿਸ਼ਵਾਸ ਕਰਨ ਵਾਲਿਆਂ ਸਾਰੇ ਲੋਕਾਂ ਦੇ ਘਰ ਵਿਚ ਇੱਕ ਲੇਲੇ ਨੂੰ ਕੁਰਬਾਨ ਕਰਕੇ ਉਸ ਦੇ ਲਹੂ ਨੂੰ ਦਰਵਾਜ਼ਿਆਂ ਦੀਆਂ ਬਾਹੀਆਂ ਅਤੇ ਸੇਰੂਆਂ ਉੱਤੇ ਲਾਉਣਾ ਸੀ। ਫਿਰ ਯਾਤਰਾ ਦੇ ਲਈ ਤਿਆਰ ਹੋਣ ਦੇ ਲਈ, ਉਨ੍ਹਾਂ ਨੂੰ ਉਸ ਜਾਨਵਰ ਨੂੰ ਭੁੰਨ ਕੇ ਖਾਣਾ ਸੀ। ਅੰਤ ਵਿਚ, ਉਨ੍ਹਾਂ ਨੂੰ ਸਵੇਰ ਤੱਕ ਉਸੇ ਘਰ ਵਿਚ ਰਹਿਣਾ ਸੀ, ਜਦੋਂ ਤੱਕ ਬਵਾ ਉਨ੍ਹਾਂ ਦੇ ਉੱਤੋਂ ਲੰਘ ਨਾ ਜਾਵੇ।

ਹੁਣ, ਇਨ੍ਹਾਂ ਸਾਰੀਆਂ ਗੱਲਾਂ ਨੂੰ ਇਸਰਾਈਲੀਆਂ ਨੂੰ ਸਮਝਾਉਣ ਦੀ ਲੋੜ ਸੀ ਕਿਉਂਕਿ, ਚਾਰ ਸੌ ਸਾਲਾਂ ਤੋਂ ਬਾਅਦ, ਉਨ੍ਹਾਂ ਨੂੰ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਦੇ ਵਿਸ਼ੇ ਵਿਚ ਬਹੁਤ ਹੀ ਥੋੜਾ ਯਾਦ ਰਿਹਾ ਸੀ। ਸਿੱਟੇ ਵਜੋਂ, ਇਬਰਾਨੀ ਲੋਕਾਂ ਦੇ ਵਿਚ ਇੱਕੋ ਸੱਚੇ ਪਰਮੇਸ਼ੁਰ ਵਿਚ ਵਿਸ਼ਵਾਸ ਬਹੁਤ ਹੀ ਘੱਟ ਗਿਆ ਸੀ, ਅਤੇ ਉਹ ਮੂਰਤੀਪੂਜਾ ਵਿਚ, ਮਿਸਰ ਦੇ ਦੇਵਤਿਆਂ ਦੀ ਪੂਜਾ ਕਰਨ ਵਿਚ ਲੱਗ ਗਏ ਸਨ (ਯਹੋਸ਼ੁਆ 24:14)। ਇਸ ਲਈ, ਪਰਮੇਸ਼ੁਰ ਨੂੰ ਆਪਣੇ ਲੋਕਾਂ ਦੇ ਵਿਚ ਵਿਸ਼ਵਾਸ ਪੈਦਾ ਕਰਨ ਦੀ ਲੋੜ ਸੀ ਕਿ ਉਹ ਚਮਤਕਾਰਾਂ ਦੇ ਰਾਹੀਂ ਸਾਬਤ ਕਰ ਸਕਦਾ ਹੈ ਕਿ ਉਹ ਉਨ੍ਹਾਂ ਨੂੰ ਫ਼ਿਰਾਊਨ ਦੇ ਗੁੱਸੇ ਤੋਂ ਬਚਾ ਸਕਦਾ ਹੈ ਅਤੇ ਵਾਇਦਾ ਕੀਤੇ ਹੋਏ ਦੇਸ ਵਿਚ ਲੈ ਜਾ ਸਕਦਾ ਹੈ। ਇਹੋ ਉਹ ਤਰੀਕਾ ਸੀ ਜਿਸ ਦੇ ਦੁਆਰਾ ਯਹੋਵਾਹ ਨੇ ਆਪਣੇ ਵਾਇਦਿਆਂ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ ਸੀ, ਜੋ ਉਸ ਨੇ ਸਦੀਆਂ ਪਹਿਲੋਂ ਉਨ੍ਹਾਂ ਦੇ ਪਿਉ-ਦਾਦਿਆਂ ਦੇ ਨਾਲ ਕੀਤੇ ਸਨ।

ਪਰ, ਅਬਰਾਹਾਮ ਨੂੰ, ਪਰਮੇਸ਼ੁਰ ਦੇ ਹੁਕਮ ਦੀ ਵਿਆਖਿਆ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਉਸ ਨੇ ਕਈ ਦਹਾਕਿਆਂ ਤੋਂ ਉਸ ਦੇ ਨਾਲ ਗੂੜ੍ਹੇ ਸੰਬੰਧ ਬਣਾ ਲਏ ਸਨ। ਉਸ ਨੇ ਪਰਮੇਸ਼ੁਰ ਦੀਆਂ ਬਹੁਤਾਇਤ ਦੀਆਂ ਬਰਕਤਾਂ, ਦਯਾ, ਅਤੇ ਕਿਰਪਾ ਨੂੰ ਵੇਖਿਆ ਸੀ; ਅਤੇ ਉਹ ਪਰਮੇਸ਼ੁਰ ਦੇ ਵਾਇਦੇ ਉੱਤੇ ਭਰੋਸਾ ਕਰਦਾ ਸੀ ਕਿ ਉਸ ਦੇ ਬੀਜ (ਇਸਹਾਕ) ਦੇ ਦੁਆਰਾ ਸੰਸਾਰ ਦੇ ਸਾਰੇ ਘਰਾਣੇ ਬਰਕਤ ਪਾਉਣਗੇ (17:19, 21; 18:9-14; 21:12)। ਕਿਉਂਕਿ ਉਸ ਨੂੰ ਉਸ ਦੇ ਰੱਬੀ ਵਾਇਦੇ ਤੇ ਵਿਸ਼ਵਾਸ ਸੀ, ਇਸੇ ਲਈ ਅਬਰਾਹਾਮ ਬਿਨਾਂ ਕਿਸੇ ਸੰਕੋਚ ਤੋਂ, ਜਗਵੇਦੀ ਉੱਤੇ ਇਸਹਾਕ ਨੂੰ ਬਲੀਦਾਨ ਕਰਨ ਦੇ ਲਈ ਤਿਆਰ ਸੀ (ਰੋਮੀਆਂ 4:16, 20, 21)। ਸ਼ਾਇਦ ਸਭ ਤੋਂ ਅਦਭੁਤ ਤੱਥ ਇਹ ਹੈ ਕਿ ਉਹ ਆਪਣੇ ਪਿਆਰੇ ਪੁੱਤਰ ਨੂੰ ਪਰਮੇਸ਼ੁਰ ਦੇ ਨਾਲ ਕੋਈ ਵੀ ਸ਼ਿਕਾਇਤ ਕੀਤੇ ਬਿਨਾਂ ਮਾਰ ਸਕਦਾ ਸੀ; ਉਹ ਅਰਾਧਨਾ ਦੇ ਇੱਕ ਕੰਮ ਵਜੋਂ ਇਸ ਕੁਰਬਾਨੀ ਨੂੰ ਚੜ੍ਹਾਉਣ ਵਿਚ ਸਮਰੱਥ ਸੀ (22:5)।[18] ਪੁਰਖੇ ਦੇ ਮਨ ਵਿਚ, ਪਰਮੇਸ਼ੁਰ

ਦਾ ਵਾਇਦਾ ਪੱਕਾ ਸੀ ਉਹ ਇਸਹਾਕ ਨੂੰ ਮੁਰਦਾ ਹਾਲਤ ਤੋਂ ਜੀ ਉਠਾਵੇਗਾ।

ਉਸੇ ਤਰ੍ਹਾਂ, ਯਿਸੂ ਮਸੀਹ ਦਾ ਮੁਰਦਿਆਂ ਵਿਚੋਂ ਉਠਾਇਆ ਜਾਣਾ ਪਰਮੇਸ਼ੁਰ ਦੇ ਵਾਇਦੇ ਦੀ ਪੂਰਤੀ ਅਤੇ ਰਸੂਲਾਂ ਦੀ ਇੰਜੀਲ ਦਾ ਅਧਾਰ ਸੀ (ਰਸੂਲਾਂ ਦੇ ਕਰਤੱਬ 13:32, 33), ਅਤੇ ਇਹ ਸੱਚੇ ਵਿਸ਼ਵਾਸੀਆਂ ਲਈ ਅਨੰਤ ਜੀਵਨ ਦੀ ਗਰੰਟੀ ਦਿੰਦਾ ਸੀ (ਰਸੂਲਾਂ ਦੇ ਕਰਤੱਬ 13:48)। ਇਸੇ ਲਈ ਮੁਢਲੇ ਮਸੀਹੀ ਸ਼ਹੀਦਾਂ ਨੇ ਪਰਮੇਸ਼ੁਰ ਨੂੰ ਸਪੱਸ਼ਟੀਕਰਣ ਦੇਣ ਦੇ ਲਈ ਨਹੀਂ ਕਿਹਾ; ਸਗੋਂ, ਉਹ ਰੋਮੀ ਯੁੱਧ ਦੇ ਮੈਦਾਨਾਂ ਵਿਚ, ਅਰਾਧਨਾ ਕਰਦੇ ਹੋਏ ਅਤੇ ਮਸੀਹੀ ਭਜਨ ਗਾਉਂਦੇ ਹੋਏ ਮਰ ਗਏ। ਉਹ ਜਾਣਦੇ ਸਨ ਕਿ ਮੌਤ ਅੰਤ ਨਹੀਂ ਹੈ, ਜਿਵੇਂ ਪੌਲੁਸ ਨੇ ਕਿਹਾ, "ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ" (ਫ਼ਿਲਿੱਪੀਆਂ 1:21)। ਜਿਵੇਂ ਯਿਸੂ ਨੇ ਮੌਤ ਉੱਤੇ ਫਤਹਿ ਪਾਈ ਅਤੇ ਸਵਰਗ ਤੇ ਚੜ੍ਹ ਗਿਆ, ਉਹ ਜਾਣਦੇ ਹਨ, ਕਿ ਵਿਸ਼ਵਾਸ ਦੇ ਰਾਹੀਂ, ਅਰਥਾਤ ਉਸ ਦੇ ਦੁਆਰਾ, ਉਹ ਵੀ ਉਸ ਮਹਿਮਾਵਾਨ ਜੀ ਉਠਾਏ ਜਾਣ ਵਿਚ ਸ਼ਾਮਲ ਹੋਣਗੇ (1 ਥੱਸਲੁਨੀਕੀਆਂ 4:13-18; 1 ਯੂਹੰਨਾ 2:25; 3:1-3)। ਇਸ ਕਿਸਮ ਦਾ ਵਿਸ਼ਵਾਸ ਉਹ "ਫਤਹ" ਹੈ ਜੋ "ਸੰਸਾਰ ਉੱਤੇ" ਫਤਹ ਪਾਉਂਦਾ ਹੈ (1 ਯੂਹੰਨਾ 5:4, 5)।

*ਪਰਤਾਵੇ ਦੇ ਸਮੇਂ, ਵਿਸ਼ਵਾਸੀਆਂ ਨੂੰ ਪ੍ਰਭੂ ਦੇ ਪ੍ਰਬੰਧਾਂ ਤੇ ਨਿਰਭਰ ਹੋਣਾ ਅਤੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ* (22:6-14)। ਲਿਖਤ ਦੋ ਬਿਆਨਾਂ ਨੂੰ ਦਰਜ ਕਰਦੀ ਹੈ ਜੋ ਪਰਤਾਵੇ ਦੇ ਮਹੱਤਵ ਨੂੰ ਦਰਸਾਉਂਦੇ ਹਨ। ਪਹਿਲਾ, ਜਦੋਂ ਇਸਹਾਕ ਨੇ ਅੱਗ ਅਤੇ ਲੱਕੜੀਆਂ ਵੇਖੀਆਂ, ਤਾਂ ਉਸ ਨੇ ਆਪਣੇ ਪਿਤਾ ਨੂੰ ਕਿਹਾ, ". . . ਪਰ ਹੋਮ ਬਲੀ ਲਈ ਲੇਲਾ ਕਿੱਥੇ ਹੈ?" ਅਬਰਾਹਾਮ ਦਾ ਉੱਤਰ ਸੀ "ਹੇ ਮੇਰੇ ਪੁੱਤ੍ਰ ਪਰਮੇਸ਼ੁਰ ਹੋਮ ਬਲੀ ਲਈ ਲੇਲਾ ਆਪ ਹੀ ਦੇਊਗਾ" (22:7, 8)। ਬਜ਼ੁਰਗ ਪੁਰਖੇ ਨੇ ਜੀਵਨ ਦੇ ਬਿੰਦੂ ਤੇ, ਹੁਣ ਉਹ ਅਗਾਂਹ ਤੋਂ ਪਰਮੇਸ਼ੁਰ ਦੇ ਹੁਕਮ ਤੋਂ ਬਾਹਰ ਹੋ ਕੇ ਕੋਈ ਬੇਹਤਰ ਤਰੀਕਾ ਅਪਨਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਉਸ ਦੀ ਯੋਜਨਾ ਤੇ ਵਿਸ਼ਵਾਸ ਕੀਤਾ। ਉਹ "ਨਿਹਚਾ ਹੇਠ ਬੱਧਿਆ ਹੋਇਆ" ਸੀ (ਗਲਾਤੀਆਂ 3:23); ਜੇਕਰ ਅਬਰਾਹਾਮ ਪਰਮੇਸ਼ੁਰ ਦਾ ਜਨ ਬਣਨਾ ਚਾਹੁੰਦਾ ਸੀ ਤਾਂ ਇਸਹਾਕ ਦੀ ਕੁਰਬਾਨੀ ਦੇਣ ਤੋਂ ਹੁਕਮ ਦੀ ਪਾਲਣਾ ਕਰਨ ਦੀ ਕੋਈ ਆਗਿਆ ਨਹੀਂ ਸੀ।

ਜਦੋਂ ਮੈਂ ਇੱਕ ਬੱਚਾ ਸੀ, ਤਾਂ ਮੈਨੂੰ "ਫਨ ਹਾਊਸ," ਜਾਣ ਵਿਚ ਬਹੁਤ ਹੀ ਮਜ਼ਾ ਆਉਂਦਾ ਸੀ, ਉਸ ਮੇਲੇ ਵਿਚ ਇੱਕ ਭੁੱਲ-ਭੁਲਈਆ ਸੀ ਜਿਸ ਦੇ ਬਹੁਤ ਸਾਰੇ ਦਰਵਾਜ਼ੇ ਹੁੰਦੇ ਸਨ। ਇਹ ਰਾਹ ਵੱਖ ਵੱਖ ਦਿਸ਼ਾਵਾਂ ਵਿਚ ਜਾਂਦੇ ਸਨ, ਆਮ ਤੌਰ ਤੇ ਨਿਕਲਣ ਦੇ ਰਸਤੇ ਸਨ, ਪਰ ਆਮ ਤੌਰ ਤੇ ਇੱਕ ਮੌਤ ਦੇ ਅੰਤ ਤੱਕ; ਪਰ ਸਿਰਫ ਇੱਕੋ ਰਾਹ ਹੀ ਹੁੰਦਾ ਸੀ ਜੋ ਬਾਹਰ ਨਿਕਲਣ ਵਿਚ ਸਾਡੀ ਅਗਵਾਈ ਕਰਦਾ ਹੈ ਸੀ। ਅਜਿਹੀ ਭੁਲ-ਭੁਲਈਏ ਵਿਚੋਂ ਗਲਤ ਮੋੜ ਦਾ ਪਤਾ ਲਗਾਉਣਾ ਅਤੇ ਸਹੀ ਰਾਹ ਦੀ ਖੋਜ ਕਰਨਾ ਨਿਰਾਸ਼ਾਜਨਕ ਅਤੇ ਮਨੋਰੰਜਕ ਦੋਵੇਂ ਹੀ ਸੀ। ਅਬਰਾਹਾਮ ਨੇ ਆਪਣੇ ਜੀਵਨ ਵਿਚ ਬਹੁਤ ਸਾਰੇ ਗਲਤ ਮੋੜ ਲਏ ਸਨ; ਇਸੇ ਤਰ੍ਹਾਂ ਇਹ ਵੀ ਨਿਰਾਸ਼ਾਜਨਕ ਹੋ ਸਕਦੇ ਹਨ, ਪਰ ਅਨੰਦਦਾਇਕ ਨਹੀਂ ਹੋ ਸਕਦੇ। ਹਰ ਵਾਰ ਜਦੋਂ ਉਸ ਨੇ ਪਰਮੇਸ਼ੁਰ ਦੇ ਹੁਕਮ ਦੀ ਅਣਆਗਿਆਕਾਰੀ ਕੀਤੀ, ਤਾਂ ਉਸ ਦੀ ਸਥਿਤੀ ਹੋਰ ਵੀ ਜਟਿਲ ਹੋ ਗਈ। ਜਦੋਂ ਉਹ ਇਸ ਅੰਤਿਮ ਪਰਤਾਵੇ ਤੇ ਪਹੁੰਚਿਆ, ਤਾਂ ਪੁਰਖੇ ਨੇ ਇੱਕ ਵਾਰ ਫਿਰ ਤੋਂ ਸੋਚਿਆ ਹੋਵੇਗਾ ਕਿ ਪਰਮੇਸ਼ੁਰ ਦੇ ਕੋਲ ਉਸ ਦੇ ਸਾਹਮਣੇ ਰੱਖੀ ਯੋਜਨਾ ਤੋਂ ਵੀ ਬੇਹਤਰ ਯੋਜਨਾ ਹੋ ਸਕਦੀ ਹੈ। ਹੋ ਸਕਦਾ ਹੈ ਕਿ ਉਸ ਨੇ ਸੋਚਿਆ ਹੋਵੇ, "ਜੇਕਰ ਮੈਂ ਆਪਣੇ ਪੁੱਤਰ ਨੂੰ ਮਾਰ ਦਿੰਦਾ ਹਾਂ, ਤਾਂ ਕੀ ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਮੇਰੀਆਂ ਸਾਰੀਆਂ ਆਸਾਂ ਅਤੇ ਸੁਪਨਿਆਂ ਦਾ ਅੰਤ ਨਹੀਂ ਹੋਵੇਗਾ ਜੋ ਧਰਤੀ ਦੇ ਸਾਰੇ ਘਰਾਣਿਆਂ ਦੇ ਲਈ ਇੱਕ ਬਰਕਤ ਹੋਵੇਗਾ?" ਸ਼ਾਇਦ ਉਸ ਨੇ ਇਹ ਵੀ ਵਿਚਾਰ ਕੀਤਾ ਹੋਵੇਗਾ, "ਕਿ ਪਰਮੇਸ਼ੁਰ ਮੇਰੇ ਨਾਲ ਕਿੰਨਾ ਭਲਾ ਰਿਹਾ ਹੈ, ਉਸ ਨੇ ਮੈਨੂੰ

ਬਹੁਤ ਤਰੀਕਿਆਂ ਦੇ ਨਾਲ ਬਰਕਤ ਦਿੱਤੀ ਹੈ – ਸਰੀਰਕ ਤੌਰ ਤੇ ਅਤੇ ਆਤਮਿਕ ਤੌਰ ਤੇ – ਖਾਸ ਤੌਰ ਤੇ ਮੈਨੂੰ ਇਸਹਾਕ ਦੇ ਕੇ, ਜੋ ਵਾਇਦੇ ਦੀ ਸੰਤਾਨ ਹੈ! ਮੈਂ ਉਸ ਦੇ ਹੁਕਮ ਦਾ ਉਲੰਘਣ ਕਰਕੇ ਉਸ ਨੂੰ ਅਸਫਲ ਕਿਵੇਂ ਕਰ ਸਕਦਾ ਹਾਂ?"

ਯਕੀਨੀ ਤੌਰ ਤੇ, ਅਬਰਾਹਾਮ ਦੇ ਜੀਵਨ ਵਿਚ ਇਹ ਇੱਕ ਫੈਸਲਾ ਲੈਣ ਦੀ ਘੜੀ ਸੀ। ਕੋਈ ਵੀ ਮਨੁੱਖੀ ਤਰਕ ਉਸ ਦੀ ਦੁਵਿਧਾ ਨੂੰ ਹੱਲ ਨਹੀਂ ਕਰ ਸਕਦਾ ਸੀ। ਕਾਰਣ ਦੇ ਇਸ ਦ੍ਰਿਸ਼ਟੀਕੋਣ ਤੋਂ, ਪਰਮੇਸ਼ੁਰ ਦੀ ਇੱਛਾ ਨੂੰ ਮੰਨਣਾ ਜਾਂ ਉਸ ਦੀ ਉਲੰਘਣਾ ਕਰਨਾ ਗਲਤ ਜਾਪ ਰਿਹਾ ਸੀ। ਫੈਸਲੇ ਦੀ ਇਸ ਘੜੀ ਵਿਚ, ਉਸ ਨੇ ਵਿਸ਼ਵਾਸ ਦੇ ਦਰਵਾਜ਼ੇ ਦੇ ਰਾਹੀਂ ਪ੍ਰਵੇਸ਼ ਕੀਤਾ। ਜਦੋਂ ਉਹ ਨਹੀਂ ਜਾਣਦਾ ਸੀ ਕਿ ਉਸ ਦਰਵਾਜ਼ੇ ਦੇ ਦੂਜੇ ਪਾਸੇ ਕੀ ਸੀ, ਤਾਂ ਉਹ ਜਾਣਦਾ ਸੀ ਕਿ ਪਰਮੇਸ਼ੁਰ, ਜੋ ਭਲਾ ਅਤੇ ਧਰਮੀ ਸੀ, ਉਹ ਉਸ ਬੌਧਿਕ ਭੁਲ-ਭੁਲਈਏ ਵਿਚੋਂ ਉਸ ਦੇ ਨਿਲਕਲਣ ਦਾ ਇੰਤਜ਼ਾਰ ਕਰ ਰਿਹਾ ਸੀ। ਸੱਚਮੁੱਚ, ਉਸ ਦਾ ਵਿਸ਼ਵਾਸ *ਪਰਮੇਸ਼ੁਰ ਉੱਤੇ ਭਰੋਸਾ ਸੀ*।

ਅਬਰਾਹਾਮ ਨੇ ਸਿਰਫ ਯਹੋਵਾਹ ਤੇ ਇਹੋ ਵਿਸ਼ਵਾਸ ਨਹੀਂ ਕੀਤਾ ਕਿ ਉਹ ਇੱਕੋ ਸੱਚਾ ਪਰਮੇਸ਼ੁਰ ਹੈ, ਪਰ ਉਸ ਨੇ ਭਰੋਸਾ ਕੀਤਾ ਕਿ "ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ" (ਇਬਰਾਨੀਆਂ 11:6)। ਪਰਮੇਸ਼ੁਰ ਦੇ ਨਾਲ ਇੰਨੇ ਸਾਲ ਚੱਲਣ ਤੋਂ ਬਾਅਦ, ਪੁਰਖਾ ਉਸ ਨੂੰ ਬਹੁਤ ਹੀ ਚੰਗੀ ਤਰ੍ਹਾਂ ਦੇ ਨਾਲ ਜਾਣ ਗਿਆ ਸੀ। ਉਹ ਪ੍ਰਭੂ ਦੇ ਉੱਤੇ ਇੰਨਾ ਭਰੋਸਾ ਕਰਦਾ ਸੀ ਕਿ ਉਹ ਆਪਣੇ ਆਪ ਨੂੰ ਕਹਿਣ ਦੇ ਯੋਗ ਸੀ, "ਜੇ ਮੈਂ ਆਪਣੇ ਪੁੱਤਰ ਨੂੰ ਮਾਰ ਦਿਆਂ, ਤਾਂ ਪਰਮੇਸ਼ੁਰ ਆਪਣੇ ਵਾਇਦਿਆਂ ਨੂੰ ਪੂਰਾ ਕਰੇਗਾ ਅਤੇ ਉਸ ਨੂੰ ਮੁਰਦਿਆਂ ਵਿਚੋਂ ਉਠਾਵੇਗਾ" (ਵੇਖੋ ਇਬਰਾਨੀਆਂ 11:19)।

ਅਸੀਂ ਨਹੀਂ ਜਾਣਦੇ ਕਿ ਪਰਮੇਸ਼ੁਰ ਸਰੀਰ ਦੇ ਜੀ ਉਠਾਏ ਜਾਣ ਦੀ ਧਾਰਣਾ ਦੇ ਵਿਸ਼ੇ ਵਿਚ ਕੀ ਜਾਣਦਾ ਸੀ, ਕਿਉਂਕਿ ਇਸ ਮੁਢਲੇ ਸਮੇਂ ਤੱਕ ਪਵਿੱਤਰ ਬਾਈਬਲ ਇਸ ਵਿਸ਼ੇ ਤੇ ਕੋਈ ਖਾਸ ਸਿੱਖਿਆ ਪ੍ਰਦਾਨ ਨਹੀਂ ਕਰਦੀ ਹੈ। ਅਸੀਂ ਜਾਣਦੇ ਕਿ ਪੁਰਾਤਨ ਲੋਕ ਇਹ ਵਿਸ਼ਵਾਸ ਕਰਦੇ ਸਨ ਕਿ ਕਬਰ ਤੋਂ ਪਾਰ ਵੀ ਜੀਵਨ ਨਿਰੰਤਰ ਹੁੰਦਾ ਹੈ। ਇਸੇ ਲਈ ਉਹ ਅਕਸਰ ਆਪਣੇ ਪਿਆਰਿਆਂ ਦੇ ਨਾਲ ਉਨ੍ਹਾਂ ਚੀਜ਼ਾਂ ਨੂੰ ਵੀ ਦਫ਼ਨ ਕਰਦੇ ਸਨ ਜੋ ਉਨ੍ਹਾਂ ਨੂੰ ਜਾਪਦੀਆਂ ਸਨ ਕਿ ਜੀਵਨ ਤੋਂ ਬਾਅਦ ਵਿਚ ਜ਼ਰੂਰੀ ਹੋ ਸਕਦੀਆਂ ਸਨ। ਇੱਕ ਅਰਥ ਵਿਚ, ਅਬਰਾਹਾਮ ਨੇ ਪਹਿਲਾਂ ਤੋਂ ਹੀ ਇਸਹਾਕ ਨੂੰ ਮੁਰਦਿਆਂ ਵਿਚੋਂ ਬਾਹਰ ਆਉਂਦੇ ਹੋਏ ਵੇਖਿਆ ਸੀ; ਪਹਿਲੀ ਵਾਰ ਇਹ ਸਾਰਾਹ ਦੀ ਮੁਰਦਾ ਕੁੱਖ ਵਿਚੋਂ ਸੀ। ਇਸ ਲਈ, ਉਹ ਦ੍ਰਿੜ੍ਹ ਵਿਸ਼ਵਾਸ ਰੱਖਦਾ ਸੀ ਕਿ ਪਰਮੇਸ਼ੁਰ ਉਸ ਨੂੰ ਦੂਸਰੀ ਵਾਰ, ਮੋਰੀਆਹ ਦੇ ਪਹਾੜ ਦੀ ਜਗਵੇਦੀ ਤੋਂ ਵੀ ਉਠਾਵੇਗਾ।

ਇਸ ਵਿਸ਼ਵਾਸ ਦੇ ਨਾਲ, ਪੁਰਖੇ ਨੇ ਛੁਰੀ ਫੜੀ, ਜਿਵੇਂ ਪਰਮੇਸ਼ੁਰ ਨੇ ਉਸ ਨੂੰ ਹਿਦਾਇਤ ਦਿੱਤੀ ਸੀ, ਅਤੇ ਇਸ ਨੂੰ ਆਪਣੇ ਪੁੱਤਰ ਦੇ ਮਾਰਨ ਲੱਗਾ ਸੀ – ਪਰ "ਯਹੋਵਾਹ ਦੇ ਦੂਤ" ਨੇ ਉਸ ਨੂੰ ਰੋਕ ਦਿੱਤਾ (22:11)। ਅਬਰਾਹਾਮ ਆਪਣੇ ਆਪ ਇਨ੍ਹਾਂ ਪਰਿਕ੍ਰਿਆਵਾਂ ਵਿਚੋਂ ਲੰਘਣ ਦੇ ਯੋਗ ਸੀ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਵਾਇਦਿਆਂ ਉੱਤੇ ਭਰੋਸਾ ਕੀਤਾ ਅਤੇ ਉਸ ਦੇ ਪ੍ਰਬੰਧਾਂ ਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ। ਜਦੋਂ ਉਸ ਦਾ ਹੱਥ ਬਲੀਦਾਨ ਚੜ੍ਹਾਉਣ ਤੋਂ ਰੋਕ ਦਿੱਤਾ ਗਿਆ, ਤਾਂ ਪੁਰਖੇ ਨੇ ਅੱਖਾਂ ਚੁੱਕ ਕੇ ਵੇਖਿਆ ਅਤੇ ਸਮਝਿਆ ਕਿ ਪ੍ਰਭੂ ਨੇ ਇਸਹਾਕ ਦੇ ਸਥਾਨ ਤੇ ਇੱਕ ਇਵਜ਼ ਪ੍ਰਦਾਨ ਕੀਤਾ ਸੀ। ਉਸ ਨੇ ਇੱਕ "ਛੱਤ੍ਰੇ" (ਨਰ ਭੇਡ) ਨੂੰ ਇੱਕ ਝਾੜੀ ਵਿੱਚ ਫਸੇ ਹੋਏ ਵੇਖਿਆ (22:13)। ਸ਼ੁਕਰਗੁਜ਼ਾਰ ਹੋਣ ਦੇ ਕਾਰਣ, ਉਸ ਨੇ ਉਸ ਸਥਾਨ ਦਾ ਨਾਂ "ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ" ਰੱਖਿਆ। ਮੂਸਾ ਨੇ ਦੁਹਰਾਇਆ ਕਿ ਉਸ ਦੇ ਯੁੱਗ ਦੇ ਲੋਕ ਵੀ ਦੁਹਰਾਉਂਦੇ ਸਨ, "ਯਹੋਵਾਹ ਦੇ ਪਰਬਤ ਉੱਤੇ ਦਿੱਤਾ ਜਾਵੇਗਾ" (22:14)।

ਇਸ ਪੂਰੇ ਬਿਰਤਾਂਤ ਵਿਚ ਪਰਮੇਸ਼ੁਰ, ਅਬਰਾਹਾਮ, ਇਸਹਾਕ, ਅਤੇ ਛੱਤ੍ਰਾ ਦੇ ਅਲੰਕਾਰਿਕ ਰੂਪ[19]/ਰੂਪਕ ਦੇ ਰੂਪ ਵਿਚ ਖੜੇ ਹਨ ਉਸ ਸਭ ਦਾ ਵਰਣਨ ਕੀਤਾ ਗਿਆ ਹੈ ਜੋ ਪਰਮੇਸ਼ੁਰ ਨੇ, ਆਪਣੇ ਮਹਾਨ ਪ੍ਰੇਮ ਦੇ ਦੁਆਰਾ, ਮਨੁੱਖ ਜਾਤੀ ਦੇ ਲਈ ਯਿਸੂ ਦੇ ਦੁਆਰਾ ਗੁਲਗਥਾ ਪਹਾੜ ਤੇ ਕੀਤਾ ਸੀ (ਯੂਹੰਨਾ 3:16)। ਇਸ ਸਮਾਨਤਾ ਨੂੰ ਸਮਝਣ ਲਈ, ਸਾਨੂੰ ਇੱਕ "ਰੂਪ" ਨੂੰ "ਇੱਕ ਆਦਰਸ਼ ਰੂਪ" ਵਿਚ ਸਵੀਕਾਰ ਕਰਨਾ ਪਵੇਗਾ ਜੋ ਕਿ ਇੱਕ ਸੂਟ ਦਾ ਨਮੂਨਾ ਹੈ। ਇੱਕ ਨਮੂਨੇ ਦਾ ਉਸ ਸੂਟ ਦੇ ਨਾਲ ਸੰਬੰਧ ਹੈ ਜਿਸ ਤੋਂ ਇਹ ਬਣਾਇਆ ਗਿਆ ਹੈ; ਕੁਝ ਸਪੱਸ਼ਟ ਸਮਾਨਤਾਵਾਂ ਮੌਜੂਦ ਹਨ। ਦੂਜੇ ਪਾਸੇ, ਉਹ ਕਾਫੀ ਭਿੰਨ ਹਨ, ਕਿਉਂਕਿ ਉਹ ਵੱਖ ਵੱਖ ਸਮੱਗਰੀਆਂ ਤੋਂ ਤਿਆਰ ਕੀਤਾ ਗਿਆ ਹੈ। ਇਹ ਨਮੂਨਾ ਮਿਲਦਾ ਜੁਲਦਾ ਨਹੀਂ ਹੈ; ਇਹ ਸਿਰਫ ਟੁਕੜਿਆਂ ਦਾ ਇਕੱਠ ਹੈ ਜੋ ਇੱਕ ਅਧੂਰਾ ਪੂਰਵ ਦਰਸ਼ਣ ਕਰਵਾਉਂਦਾ ਹੈ ਕਿ ਸੂਟ ਕਿਹੋ ਜਿਹਾ ਦਿਖੇਗਾ। ਸੂਟ ਨੂੰ ਇੱਕ ਵਧੀਆ ਕੱਪੜੇ ਤੋਂ ਇੱਕ ਕਾਰੀਗਰ ਦੇ ਦੁਆਰਾ ਬਹੁਤ ਬਰੀਕੀ ਦੇ ਨਾਲ ਸੀਆਂ ਜਾਂਦਾ ਹੈ, ਜਿਸ ਨਾਲ ਇਸ ਨੂੰ ਇੱਕ ਸਸਤੇ ਕਾਗਜ਼ ਤੇ ਬਣੇ ਨਮੂਨੇ ਨਾਲੋਂ ਹੋਰ ਵੀ ਟਿਕਾਊ ਅਤੇ ਮਹਿੰਗਾ ਬਣਾਇਆ ਜਾਂਦਾ ਹੈ। ਇਨ੍ਹਾਂ ਵਿਸ਼ੇਸਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਆਓ ਅਸੀਂ ਇਸਹਾਕ ਦੇ ਬਾਈਬਲ ਦੇ ਉਲੇਖਾਂ ਵਿਚ ਟਾਇਪ/ਐਂਟੀਟਾਇਪ ਰਿਸ਼ਤਿਆਂ ਤੇ ਵਿਚਾਰ ਕਰੀਏ।

ਪਹਿਲੀ ਸਮਾਨਤਾ ਯਿਸੂ ਅਤੇ ਇਸਹਾਕ ਦੇ ਚਮਤਕਾਰੀ ਜਨਮਾਂ ਦੇ ਨਾਲ ਹੈ। ਇਸਹਾਕ ਦਾ ਜਨਮ ਰੱਬੀ ਸ਼ਕਤੀ ਦੇ ਰਾਹੀਂ ਬਣਾਇਆ ਗਿਆ ਸੀ ਜਿਸ ਨੇ ਅਬਰਾਹਾਮ ਅਤੇ ਸਾਰਾਹ ਦੇ ਮੁਰਦਾ ਜਿਹੇ ਸਰੀਰਾਂ ਨੂੰ ਨਵੇਂ ਸਿਰਿਓਂ ਬਣਾਇਆ ਅਤੇ ਉਨ੍ਹਾਂ ਬੱਚਾ ਪੈਦਾ ਕਰਨ ਦੇ ਯੋਗ ਬਣਾਇਆ (ਰੋਮੀਆਂ 4:18, 19)। ਸਭ ਤੋਂ ਮਹੱਤਵਪੂਰਣ ਅੰਤਰ ਇਹ ਹੈ ਕਿ ਮਰੀਅਮ ਇੱਕ ਕੁਆਰੀ ਸੀ ਅਤੇ ਜਦੋਂ ਪਵਿੱਤਰ ਆਤਮਾ ਉਸ ਉੱਤੇ ਆਇਆ ਤਾਂ ਉਹ ਗਰਭਵਤੀ ਹੋਈ; ਇਸ ਲਈ, ਯਿਸੂ ਦਾ ਕੋਈ ਜੈਵਿਕ ਪਿਤਾ ਨਹੀਂ ਸੀ (ਮੱਤੀ 1:18, 25)।

ਦੂਸਰੀ ਸਮਾਨਤਾ ਇਹ ਹੈ ਕਿ ਪਰਮੇਸ਼ੁਰ ਨੇ ਇਸਹਾਕ ਦੇ ਇਵਜ਼ ਵਿਚ ਇੱਕ ਛੱਤ੍ਰਾ (ਭੇਡੂ) ਪ੍ਰਦਾਨ ਕੀਤਾ, ਜਿਸ ਨੂੰ ਮਰਨ ਦੀ ਲੋੜ ਨਹੀਂ ਸੀ; ਇਸ ਲਈ, ਉਹ ਜਿੰਦਾ ਰਹਿਣ ਦੇ ਯੋਗ ਹੋਇਆ ਸੀ। ਪਰਮੇਸ਼ੁਰ ਨੇ ਯਿਸੂ ਮਸੀਹ ਨੂੰ ("ਪਰਮੇਸ਼ੁਰ ਦਾ ਲੇਲਾ"; ਯਸਾਯਾਹ 53:7; ਯੂਹੰਨਾ 1:29) ਉਨ੍ਹਾਂ ਪਾਪੀ ਲੋਕਾਂ ਦੇ ਸਥਾਨ ਤੇ ਜੋ ਮਰਨ ਦੇ ਯੋਗ ਸਨ ਇੱਕ ਇਵਜ਼ ਦੇ ਰੂਪ ਵਿਚ ਦਿੱਤਾ (ਰੋਮੀਆਂ 3:23-25; 1 ਯੂਹੰਨਾ 2:1, 2)। ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਜਿਹੜੇ ਲੋਕ ਇਸ ਬਲੀਦਾਨ ਦੇ ਦੁਆਰਾ ਲਾਭ ਉਠਾਉਣ ਦਾ ਫੈਸਲਾ ਕਰਦੇ ਹਨ ਉਹ ਪੁੱਤਰ ਵਿਚ ਸਦੀਪਕ ਜੀਵਨ ਪ੍ਰਾਪਤ ਕਰ ਸਕਦੇ ਹਨ (1 ਯੂਹੰਨਾ 5:11)।

ਟਾਇਪ/ਐਂਟੀਟਾਇਪ ਦਾ ਤੀਸਰਾ ਪਹਿਲੂ ਵਿਲੱਖਣ ਹੈ। ਅਬਰਾਹਾਮ ਨੇ ਇਸਹਾਕ ਨੂੰ ਬਲੀਦਾਨ ਦੀ ਵੇਦੀ ਤੋਂ ਉਤਾਰ ਲਿਆ ਅਤੇ ਇੱਕ ਨਿਰਦੋਸ਼ ਛੱਤ੍ਰੇ ਨੂੰ ਉਸ ਉੱਤੇ ਮਰਨ ਦੇ ਲਈ ਰੱਖ ਦਿੱਤਾ, ਪਰ ਪਰਮੇਸ਼ੁਰ ਨੇ ਇਸ ਤੋਂ ਵੀ ਬਹੁਤ ਵੱਧ ਕੇ ਕੁਝ ਕੀਤਾ ਸੀ: ਉਹ ਦੇਹਧਾਰੀ ਹੋ ਕੇ ਯਿਸੂ ਦੇ ਵਿਅਕਤੀ ਦੇ ਰੂਪ ਵਿਚ ਧਰਤੀ ਤੇ ਆਇਆ (ਯੂਹੰਨਾ 1:14, 18; 14:8-11)। ਉਹ ਮਨੁੱਖਾਂ ਦੇ ਵਿਚਕਾਰ ਬਿਨਾਂ ਪਾਪ ਤੋਂ ਰਿਹਾ ਅਤੇ ਫਿਰ ਆਪਣੇ ਬਲੀਦਾਨ ਦੀ ਜਗਵੇਦੀ, ਸਲੀਬ ਦੇ ਉੱਤੇ ਸਾਰੀ ਪਾਪੀ ਮਨੁੱਖਜਾਤੀ ਦਾ ਸਥਾਨ ਲੈ ਲਿਆ (ਵੇਖੋ ਅਫ਼ਸੀਆਂ 2:16; ਕੁਲੁੱਸੀਆਂ 1:19, 20; ਇਬਰਾਨੀਆਂ 13:12; 1 ਪਤਰਸ 2:24)। ਸੱਚਮੁਚ, ਸਲੀਬ ਤੇ ਚੜ੍ਹਾਇਆ ਜਾਣਾ ਵੀ ਪਰਮੇਸ਼ੁਰ ਦੇ ਜੀਵਨ ਵਿਚਲੀ ਇੱਕ ਘਟਨਾ ਸੀ, ਕਿਉਂਕਿ ਉਹ ਇਸ ਮੇਲ-ਮਿਲਾਪ ਦੇ ਅਨੁਭਵ ਵਿਚ "ਮਸੀਹ ਵਿਚ ਸੀ" (2 ਕੁਰਿੰਥੀਆਂ 5:19, 21)। ਸਲੀਬ ਨੇ "ਦੁਨੀਆਂ" ਦੇ ਸਾਹਮਣੇ ਮਨੁੱਖ ਜਾਤੀ ਦੀ ਗਿਰੀ ਹੋਈ ਸਥਿਤੀ ਦੇ ਪ੍ਰਤਿ (ਯੂਹੰਨਾ 3:16; 1 ਯੂਹੰਨਾ 3:1)

ਸ੍ਰਿਸ਼ਟੀਕਰਤਾ ਦੇ ਪ੍ਰੇਮ ਦੀ ਮਹਾਨਤਾ ਦਾ ਪ੍ਰਦਰਸ਼ਣ ਕੀਤਾ (ਅਫ਼ਸੀਆਂ 1:18-20)।

---

## ਟਿੱਪਣੀਆਂ

[1]ਜੀ. ਗੇਰਲਮੈਨ, "נסו," *ਥਿਓਲੋਜੀਕਲ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* ਵਿਚ, ਅਨੁਵਾਦ ਮਾਰਕ ਬਿੱਡਲ, ਸੋਧ ਅਰਨਸਟ ਜੈਨੀ ਅਤੇ ਕਲੌਸ ਵੈਸਟਰਮੈਨ (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1997), 2:741-42. [2]ਫ੍ਰਾਂਸਿਸ ਬਰਾਊਨ, ਐੱਸ. ਆਰ. ਡਰਾਈਵਰ, ਅਤੇ ਚਾਰਲਸ ਏ. ਬਰਿਗਸ, *ਏ ਹਿਬ੍ਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* (ਓਕਸਫੋਰਡ: ਕਲੈਰੇਡਨ ਪ੍ਰੈੱਸ, 1962), 402. [3]ਨਵੇਂ ਨੇਮ ਵਿਚ ਇਹ *ਮੋਨੋਜੇਨਸ* ਦਾ ਸਹੀ ਅਰਥ ਹੈ। (ਵਾਲਟਰ ਬਾਊਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦੀ ਨਿਊ ਟੈਸਟਾਮੈਂਟ ਐਂਡ ਅਰਲੀ ਕ੍ਰਿਸਚੀਅਨ ਲਿਟ੍ਰੇਚਰ,* ਤੀਸਰੀ ਸੋਧ, ਸੋਧ ਅਤੇ ਸੰਸਕਰਣ ਫਰੈਡਰਿਕ ਵਿਲੀਅਮ ਦਨਕਰ [ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000], 658.) ਯਿਸੂ ਦੇ ਹਵਾਲੇ ਦੇ ਨਾਲ ਯੂਨਾਨੀ ਸ਼ਬਦ ਦਾ ਬੇਹਤਰ ਅਨੁਵਾਦ ਕਰਨ ਦੇ ਲਈ, ਵੇਖੋ ਯੂਹੰਨਾ 1:14, 18; 3:16, 18; 1 ਯੂਹੰਨਾ 4:9 (NIV; NRSV)। [4]ਮੰਦਰ ਦੇ ਪਹਾੜ ਦੇ ਨਾਲ ਇਸਹਾਕ ਦੇ ਬਲੀਦਾਨ ਦੇ ਸਹਿਯੋਗ ਦੇ ਲਈ, ਵੇਖੋ ਜੋਸੇਫੁਸ *ਐਂਟੀਕਿਵਿਟੀਸ* 7.13.4; *ਜੁਬਲੀਜ਼* 18.13. [5]ਜੀ. ਲੋਇਡ ਕਾਰਰ, "עֹלָה," *TWOT* ਵਿਚ, 2:666-68. [6]*ਜੇਨੇਸਿਸ ਰੱਬਾਹ* 56.3. [7]ਸ਼ਾਇਦ, ਇਹ ਇੱਕ ਬਲਦੀ ਮਸ਼ਾਲ ਜਾਂ ਇੱਕ ਮੱਘਦਾ ਹੋਇਆ ਕੋਲਾ ਸੀ। [8]ਹੇਠ ਲਿਖਿਆਂ ਦੀ ਤੁਲਨਾ ਕਰੋ: "ਯਾਕੂਬ, ਯਾਕੂਬ" (46:2), "ਮੂਸਾ, . . . ਮੂਸਾ!" (ਕੂਚ 3:4), "ਸਮੂਏਲ, ਸਮੂਏਲ!" (1 ਸਮੂਏਲ 3:10), ਅਤੇ "ਸ਼ਾਊਲ, ਸ਼ਾਊਲ" (ਰਸੂਲਾਂ ਦੇ ਕਰਤੱਬ 9:4)। [9]22:2 ਤੇ ਟਿੱਪਣੀਆਂ ਵਿਚ ਇਹ ਲਿਖਿਆ ਗਿਆ ਹੈ, *ਯਾਚਿਡ* ਦਾ ਅਰਥ ਹੈ ਕਿ ਇਸਹਾਕ ਅਬਰਾਹਾਮ ਦਾ "ਇਕਲੌਤਾ ਪੁੱਤਰ" ਸੀ। [10]ਮਨੁੱਖ ਦੀ ਬੁਰਾਈ ਦੇ ਪ੍ਰਤਿ, ਜਿਸ ਦੇ ਕਾਰਣ ਜਲ ਪਰਲੋ ਆਈ ਪਰਮੇਸ਼ੁਰ ਦੇ ਦਿਲ ਦੇ ਦੁੱਖ ਅਤੇ ਟੁੱਟ ਜਾਣ ਦੇ ਲਈ, ਵੇਖੋ 6:5, 6.

[11]NASB ਵਿਚ ਸ਼ਬਦ "ਕਿਸਮ" ਦਾ ਅਨੁਵਾਦ παραβολή (*ਪੈਰਾਬੋਲ*), ਜਿਸ ਦਾ ਅਨੁਵਾਦ ਅਕਸਰ "ਦ੍ਰਿਸ਼ਟਾਂਤ" ਕੀਤਾ ਜਾਂਦਾ ਹੈ। ਇਸ ਦੀ ਰੂਪਕ ਪ੍ਰਕਿਰਤੀ ਨੂੰ NIV ਵਿਚ "ਲਾਖਣਿਕ ਤੌਰ ਤੇ ਬੋਲਣ" ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। [12]24:60 ਵਿਚ ਰਿਬਕਾਹ ਦੇ ਪਰਿਵਾਰ ਨੇ ਉਸ ਉੱਤੇ ਇਕੋ ਜਿਹੀ ਅਸੀਸ ਦਾ ਐਲਾਨ ਕੀਤਾ। [13]ਏਡਵਿਨ ਸੀ. ਹੋਸਟੈਟਰ, "ਬਥੂਏਲ (ਵਿਅਕਤੀ)," *ਦ ਐਂਕਰ ਬਾਈਬਲ ਡਿਕਸ਼ਨਰੀ* ਵਿਚ, ਸੰਪਾ. ਡੇਵਿਡ ਨੋਇਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 1:715. [14]ਐਲਨ ਸੀ. ਮਾਇਰਸ, "ਉਪਪਤਨੀ," *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਲਸਾਈਕਲੋਪੀਡੀਆ* ਵਿਚ, ਸੰਪਾ. ਜੈਫਰੀ ਡਬਲਿਯੂ. ਬਰੋਮਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1979), 1:758. [15]ਕੈਨੇਥ ਏ. ਮੈਥਿਊ, *ਜੇਨੇਸਿਸ 11:27–50:26,* ਦ ਨਿਊ ਅਮੈਰੇਕਨ ਕਮੈਂਟਰੀ, ਜਿਲਦ 1B (ਨੈਸ਼ਵਿਲ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 310. [16]ਇਬਰਾਨੀ ਸ਼ਬਦ נָסָה (*ਨਾਸਾਹ*) ਅਤੇ ਯੂਨਾਨੀ ਸ਼ਬਦ πειράζω (*ਪੀਰਾਜੋ*) ਦੇ ਸਮਾਨ ਹੈ। [17]ਪੁਰਾਤਨ ਯੁੱਗ ਤੋਂ ਹੀ ਵਿਆਖਿਆ ਕਰਨ ਵਾਲੇ ਪੁਰਖਿਆਂ ਦੇ ਯੁਗ ਨੂੰ "ਤਾਰਿਆਂ ਦੀ ਲੋਅ ਦਾ ਯੁਗ," *ਮੂਸਾ ਦੇ ਯੁੱਗ "ਚਾਂਦ ਦੀ ਲੋਅ ਦਾ ਯੁਗ,"* ਅਤੇ ਮਸੀਹੀ ਯੁੱਗ ਨੂੰ "ਮੱਧਮ ਲੋਅ ਵਾਲੇ ਯੁਗ" ਦੇ ਰੂਪ ਵਿਚ ਕਹਿੰਦੇ ਆਏ ਹਨ (ਐਲਗਜ਼ੇਂਡਰ ਕੈਂਪਬੈੱਲ, "ਯਹੂਦੀ ਯੁੱਗ – ਨੂੰ XIV: ਦ ਮਿਨਿਸਟਰੀ ਆਫ ਜੌਨ," *ਦ ਕ੍ਰਿਸਚਿਅਨ ਬੈਪਟਿਸਟ 7* [3 ਮਈ 1830]: 222.) [18]ਅਰਾਧਨਾ ਕਿਸੇ ਦੇ ਮਹਿਸੂਸ ਕਰਨ ਦਾ ਮਾਮਲਾ ਨਹੀਂ ਹੈ; ਇਹ ਇੱਕ ਫੈਸਲਾ ਹੈ ਕਿ ਭਾਵਨਾਵਾਂ ਦੀ ਚਿੰਤਾ ਕੀਤੇ ਬਿਨਾਂ ਇੱਕ ਵਿਅਕਤੀ ਕਿਵੇਂ ਪਰਮੇਸ਼ੁਰ ਦਾ ਆਦਰ ਕਰਦਾ ਅਤੇ ਮਹਿਮਾ ਕਰਦਾ ਹੈ (ਵੇਖੋ ਅੱਯੂਬ 1:20, 21)। [19]NASB ਇਬਰਾਨੀ ਸ਼ਬਦ παραβολή (*ਪੈਰਾਬੋਲ,* "ਪੈਰਾਬਲ" [ਦ੍ਰਿਸ਼ਟਾਂਤ]) ਦਾ ਅਨੁਵਾਦ ਕਰਨ ਦੇ ਲਈ ਸ਼ਬਦ "ਚਿੰਨ੍ਹ" ਅਤੇ "ਕਿਸਮ" ਦਾ ਇਸਤੇਮਾਲ ਕਰਦਾ ਹੈ ਇਬਰਾਨੀਆਂ 9:9; 11:19. (ਵੇਖੋ ਬਾਯਰ, 759.)